ਮਾਸਕ ਪੱਤਰ

# ਸੂਰਾ


ਅੰਮ੍ਰਿਤਸਰ AMRITSAR


## ਗੁਰਦਵਾਰਾ ਮਾਲ ਜੀ. ਨਨਕਾਣਾ ਸਾਹਿਬ

ਜਿਥੇ ਬਾਲ ਅਵਸਥਾ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਉਪਰ ਸਰਪ ਨੇ ਛਾਇਆ ਕੀਤੀ ਸੀ।


ਦਸੰਬਰ ੧੯੭੪

DEC. 1974


www.AKJ.Org


ਨਾਨਕ-ਨਿਰੰਕਾਰੀ ਦਾ ਪ੍ਰਕਾਸ਼-ਉਤਸ਼ਵ ਗੁਰਪੁਰਬ

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ਨੰਬਰ 3/70-68-21 (ਅ.ਪ.) ਮਿਤੀ 17-10 68 ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ, ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਕੀਨੋ ਬਡੋ ਕਲੂ ਮਹਿ ਸਾਕਾ | ਬਚਿਤ੍ਰ ਨਾਟਕ | ੧ |
| ਸ਼ਬਦ-ਗੁਰੂ | ਸ: ਦੀਦਾਰ ਸਿੰਘ ਜੀ | ੨ |
| ਪਰਤਖਿ ਗੁਰੂ ਨਿਸਤਾਰੇ | ਇਕ ਪ੍ਰੇਮੀ ਜੀ | ੫ |
| ਅਕਾਲ ਪੁਰਖ ਦੀ ਦਰਗਾਹ (੨) | ਭਾਈ ਸਾਹਿਬ ਰਣਧੀਰ ਸਿੰਘ ਜੀ | ੬ |
| ਸਤਿਗੁਰ ਨਾਨਕ ਦੇਵ-ਕਰਤਵ ਪਾਲਣ | ਸ: ਮਹਿੰਦਰ ਸਿੰਘ ਜੀ, ਪਟਿਆਲਾ | ੧੧ |
| ਕੀਨੋ ਬਡੋ ਕਲੂ ਮਹਿ ਸਾਕਾ | ਡਾ: ਜਸਵੰਤ ਸਿੰਘ ਜੀ 'ਜਸ' | ੧੨ |
| ਕਿਵ ਸਚਿਆਰਾ ਹੋਈਐ | ਭਗਤ ਪੂਰਨ ਸਿੰਘ ਜੀ | ੧੪ |
| ਬਾਨੀ ਗੁਰੂ ਕੀ (ਕਵਿਤਾ) | ਪ੍ਰਿੰਸੀਪਲ ਹਰਿਭਜਨ ਸਿੰਘ ਜੀ | ੧੬ |
| ਸਿਖ ਧਰਮ ਤੇ ਮਾਸ ਸ਼ਰਾਬ (ਗੁਰ ਇਤਿਹਾਸ ਚੋਂ) (੩) | ਜੇ.ਪੀ. ਸੰਗਤ ਸਿੰਘ ਜੀ, ਬੰਬੇ | ੧੭ |
| ਗੁਰਬਾਣੀ ਦੀ ਸੁਧ ਛਪਾਈ | ਭਾਈ ਦਰਸ਼ਨ ਸਿੰਘ ਜੀ ਗੜਗਜ | ੨੦ |
| ਲੇਖੁ ਨ ਮਿਟਈ ਹੇ ਸਖੀ | ਬੀਬੀ ਅਜੀਤ ਕੌਰ ਜੀ ਗੰਭੀਰ, ਚੰਡੀਗੜ੍ਹ | ੨੩ |
| ਸੁਥਰੇ ਦੇ ਕੁਝ ਅਨਮੋਲ ਬਚਨ | ਸਾਰੰਗ ਜੀ, ਕਪੂਰਥਲਾ | ੨੫ |
| ਸਿਰੀ ਬੀਬੀ ਹਰਬੰਸ ਕੌਰ | ਭਾਈ ਸਾਹਿਬ ਰਣਧੀਰ ਸਿੰਘ ਜੀ | ੨੭ |
| ਮਾਤਾ ਤ੍ਰਿਪਤਾ ਜੀ | ਸ: ਵਰਿਆਮ ਸਿੰਘ ਜੀ ਦਿਲੀ | ੩੦ |
| ਸਾਬਤ ਸੂਰਤਿ ਦਸਤਾਰ ਸਿਰਾ | ਪ੍ਰਿੰ: ਅਵਤਾਰ ਸਿੰਘ ਜੀ | ੩੨ |
| ਸਾਝ ਕਰੀਜੈ ਗੁਣਹ ਕੇਰੀ | ਸੂਹੀ ਮਹਲਾ ੧ | ੩੪ |
| ਅਮਰੀਕਨ ਸਜੇ ਸਿੰਘ ਸਿੰਘਣੀਆਂ ਦਾ ਡੂੰਘਾ ਪ੍ਰਭਾਵ | ਪੱਤਰ ਪਰੇਰਕ, ਕਾਨਪੁਰ | ੩੫ |
| ਮਾਸ ਖਾਣਾ ਮਨੁੱਖ ਨੂੰ ਵਿਵਰਜਿਤ ਹੈ | ਵਖ ਵਖ ਵਿਚਾਰ | ੩੭ |
| ਤਮਾਕੂ ਸੱਪ ਤੋਂ ਵੀ ਜ਼ਹਿਰੀਲਾ ਹੈ | ਮਿਲਾਪ ਅਖ਼ਬਾਰ | ੪੦ |
| ਅਸਲ ਫ਼ਾਇਦਾ | ਸ: ਦੀਦਾਰ ਸਿੰਘ ਜੀ | ੪੧ |


## ਦਸੰਬਰ ੧੯੭੪ ਦੇ ਗੁਰਪੁਰਬ ਤੇ ਦਿਨ ਵਿਹਾਰ

| | |
|---|---|
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਿਆਈ ਮਿਲੀ | ੧੬ ਦਸੰਬਰ |
| ਸ੍ਰੀ ਗੁਰੂ ਤੇਗ ਬਹਾਦਰ ਜੀ ਜੋਤੀ ਜੋਤਿ ਸਮਾਏ | ੧੮ ਦਸੰਬਰ |
| ਸ਼ਹੀਦੀ ਵੱਡੇ ਸਾਹਿਬਜ਼ਾਦੇ (ਚਮਕੌਰ ਸਾਹਿਬ) | ੨੨ ਦਸੰਬਰ |
| ਸ਼ਹੀਦੀ ਛੋਟੇ ਸਾਹਿਬਜ਼ਾਦੇ (ਸਰਹੰਦ) | ੨੭ ਦਸੰਬਰ |

ਸੰਗਰਾਂਦ ੧੫ ਦਸੰਬਰ  ਮਸਿਆ ੧੩ ਦਸੰਬਰ

ਪੂਰਨਮਾਸ਼ੀ ੨੯ ਦਸੰਬਰ

ਜੀਊਲ ਫ਼ਾਈਨ ਪ੍ਰਿੰਟਰਜ਼, ਹਾਥੀਖ਼ਾਨਾ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।
ਟੈਲੀਫ਼ੋਨ ਨੰਬਰ 51847

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫ਼ਤਹਿ ॥

# ਸੂਰਾ

ਮਾਸਕ ਅੰਮ੍ਰਿਤਸਰ ਪੱਤਰ

ਸਾਲਾਨਾ ਚੰਦਾ ਦੇਸ : ੬ ਰੁਪਏ
ਫ਼ੀ ਕਾਪੀ : ੬੦ ਪੈਸੇ

ਪਰਦੇਸ : ਸਮੁੰਦਰੀ ਡਾਕ ਇਕ ਪੌਂਡ
ਹਵਾਈ ਡਾਕ ਦੇ ਰੇਟ ਵਧ ਹਨ ।

## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੮ | ੨ ਦਸੰਬਰ, ੧੯੭੪ | ਅੰਕ ੧੨

## ਕੀਨੋ ਬਡੋ ਕਲੂ ਮਹਿ ਸਾਕਾ

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥
[1]ਸਾਧਨਿ ਹੇਤਿ ਇਤੀ ਜਿਨਿ ਕਰੀ ॥ ਸੀਸੁ ਦੀਆ ਪਰ ਸੀ ਨ ਉਚਰੀ ॥
ਧਰਮ ਹੇਤ ਸਾਕਾ ਜਿਨਿ ਕੀਆ ॥ ਸੀਸੁ ਦੀਆ ਪਰ ਸਿਰਰੁ ਨ ਦੀਆ ॥
ਨਾਟਕ ਚੇਟਕ ਕੀਏ ਕੁਕਾਜਾ ॥ ਪ੍ਰਭ ਲੋਗਨ ਕਹ ਆਵਤ ਲਾਜਾ ॥

ਦੋਹਰਾ

ਠੀਕਰਿ ਫੋਰਿ ਦਿਲੀਸਿ ਸਿਰਿ, ਪ੍ਰਭ-ਪੁਰ ਕੀਯਾ ਪਯਾਨ ॥
ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ ॥
ਤੇਗ ਬਹਾਦਰ ਕੇ ਚਲਤ, ਭਯੋ ਜਗਤ ਕੋ ਸੋਕ ॥
ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ ॥

[ਬਚਿਤ੍ਰ ਨਾਟਕ

੧. ਸੰਤਾਂ ਸਾਧਾਂ ਲਈ ਜਿਨ੍ਹਾਂ ਨੇ ਇੰਨੀ ਕਰ ਵਿਖਾਈ ਕਿ—

ਐਡੀਟਰ : ਗਿਆਨੀ ਜਸਵੰਤ ਸਿੰਘ; ਬੀ. ਏ., ਬੀ. ਟੀ.

www.AKJ.Org

# ਸ਼ਬਦ-ਗੁਰੂ

[ ਵਲੋਂ — ਸ: ਦੀਦਾਰ ਸਿੰਘ ਜੀ, ਫੂਲ ਖ਼ੁਰਦ (ਰੋਪੜ) ]

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਜਦ ਸਿਧਾਂ ਨੇ ਪੁਛਿਆ ਕਿ :—

ਤੇਰਾ ਕਵਣੁ ਗੁਰੂ, ਜਿਸ ਕਾ ਤੂ ਚੇਲਾ ॥

ਤਾਂ ਗੁਰੂ ਸਾਹਿਬ ਨੇ ਉਤਰ ਦੇਂਦਿਆ ਕਿਹਾ ਸੀ ਕਿ 'ਸ਼ਬਦ' ਗੁਰੂ ਹੈ। ਇਸ 'ਸ਼ਬਦ' ਗੁਰੂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਥੇ ਆਪਣੇ ਪਹਿਲੇ ਸਰੀਰ ਵਿਚ ਪ੍ਰਚਾਰਿਆ ਉਥੇ ਆਪਣੇ ਵਖ ਵਖ ਦਸ ਜਾਮਿਆਂ (ਸਰੀਰਾਂ) ਵਿਚ ਪ੍ਰਚਾਰਿਆ। ਅਤੇ ਸਤਿਕਾਰਿਆ ਹੀ ਨਹੀਂ ਸਗੋਂ ਆਪਣੇ ਸਰੀਰ ਦੀ ਮਹਾਨਤਾ ਨੂੰ 'ਸ਼ਬਦ ਗੁਰੂ' ਦੀ ਮਹਾਨਤਾ ਨਾਲੋਂ ਪਿਛੇ ਰਖਿਆ। ਇਸ ਤਰ੍ਹਾਂ ਆਪਣੇ ਦਸਵੇਂ ਤੇ ਆਖ਼ਰੀ ਜਾਮੇ (ਸਰੀਰ) ਵਿਚ ਆਪ ਨੇ ਆਪਣੇ ਸਰੀਰ ਨੂੰ ਪੂਰੀ ਤਰ੍ਹਾਂ ਸੰਕੋਚ ਲਿਆ ਅਤੇ ਸੰਮਤ ੧੭੬੫ ਨੂੰ ਆਪ ਮਥਾ ਟੇਕ ਕੇ ਹਮੇਸ਼ਾ ਲਈ ਸ਼ਬਦ(ਗੁਰਬਾਣੀ) ਨੂੰ ਪ੍ਰਧਾਨਤਾ ਦੇ ਦਿਤੀ, ਜੋ ਕਿ ਜੁਗਾਂ-ਜੁਗਾਂਤਰਾਂ ਤਕ ਅਟੱਲ ਰਹੇਗੀ।

"ਜੋਤਿ ਓਹਾ, ਜੁਗਤਿ ਸ਼ਾਇ,
ਸਹਿ ਕਾਇਆ ਫੇਰਿ ਪਲਟੀਐ।"

ਅਨੁਸਾਰ ਗੁਰੂ ਨਾਨਕ ਪਾਤਸ਼ਾਹ ਦੀ ਜੋਤ ਵਖ ਵਖ ਦਸ ਸਰੀਰਾਂ ਵਿਚ ਕੰਮ ਕਰਦੀ ਰਹੀ। ਭਾਵ ਜੋਤ ਇਕ ਸੀ ਪਰ ਸਰੀਰਾਂ ਦੀ ਸ਼ਕਲ ਸੂਰਤ ਵਖ ਵਖ ਸੀ।

'ਸ਼ਬਦ ਗੁਰੂ' (ਗੁਰਬਾਣੀ) ਦੇ ਸਤਿਕਾਰ ਦੀਆਂ ਇਕ ਦੋ ਉਦਾਹਰਣਾਂ (ਮਿਸਾਲਾਂ) :—

੧. ਪੰਜਵੇਂ ਗੁਰੂ ਨਾਨਕ (ਗੁਰੂ ਅਰਜਨ ਦੇਵ) ਜੀ ਨੇ ਜਿਸ ਵੇਲੇ ਪਹਿਲੇ ਚਾਰ ਗੁਰ ਜਾਮਿਆਂ (ਸਰੀਰਾਂ) ਦੀ ਬਾਣੀ ਸੰਗ੍ਰਹਿ (ਇਕੱਠੀ) ਕਰਨ ਦਾ ਉਪਰਾਲਾ ਕੀਤਾ ਤਾਂ ਉਸ ਸਮੇਂ ਕੁਝ ਬਾਣੀ (ਸੈਂਚੀਆਂ) ਬਾਬਾ ਮੋਹਣ ਜੀ ਕੋਲ ਗੋਇੰਦਵਾਲ ਸਨ। ਗੋਇੰਦਵਾਲ ਤੋਂ ਲੈ ਕੇ ਅੰਮ੍ਰਿਤਸਰ ਤਕ ਦਾ ਸਾਰਾ ਸਫ਼ਰ ਸਿਖਾਂ ਨੇ ਪਾਲਕੀ ਵਿਚ ਰਖੀਆਂ ਪੋਥੀਆਂ ਨੂੰ ਮੋਢਿਆਂ ਤੇ ਚੁਕ ਕੇ ਕੀਤਾ ਅਤੇ ਗੁਰੂ ਅਰਜਨ ਪਾਤਸ਼ਾਹ ਨੰਗੇ ਪੈਰੀਂ ਸਾਰੇ ਰਸਤੇ ਚੋਰ ਕਰਦੇ ਆਏ। ਹਾਲਾਂ ਕਿ ਸਿਖਾਂ ਨੇ ਮਹਾਰਾਜ ਲਈ ਵਖਰੀ ਪਾਲਕੀ ਲਿਆਉਣ ਲਈ ਕਿਹਾ ਸੀ, ਪਰ ਮਹਾਰਾਜ ਬਾਣੀ (ਸ਼ਬਦ ਗੁਰੂ) ਦੀ ਮਹਾਨਤਾ ਨੂੰ ਸਮਝਦੇ ਸਨ। ਇਸ ਤਰ੍ਹਾਂ ਉਨ੍ਹਾਂ ਨੇ ਸਾਨੂੰ ਇਸ ਦਾ ਆਦਰ ਕਰਨ ਦੀ ਜਾਚ ਦਸੀ।

੨. ਜਦ ਸ਼ਬਦ-ਗੁਰੂ ਦੇ ਸਮੂੰਹ (ਇਕੱਠ) (ਸ੍ਰੀ ਗੁਰੂ) ਗ੍ਰੰਥ ਸਾਹਿਬ ਦੀ ਬੀੜ ਤਿਆਰ ਹੋ ਗਈ ਤਾਂ ਮਹਾਰਾਜ ਨੇ ਸ੍ਰੀ ਹਰਿਮੰਦਰ ਸਾਹਿਬ ਇਸ ਦਾ ਪ੍ਰਕਾਸ਼ ਕਰਾਇਆ ਤੇ ਆਪ ਉਸ ਦਿਨ ਤੋਂ ਸੰਗਤ ਵਿਚ ਬੈਠਣ ਲਗ ਪਏ। ਗਦੀ ਜਾਂ ਤਖ਼ਤ ਉਪਰ (ਗੁਰੂ) ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਣ ਲਗ ਪਇਆ ਅਤੇ ਸੇਵਾ ਲਈ ਬਾਬਾ ਬੁਢਾ ਜੀ ਨੂੰ (ਪਹਿਲਾ) ਗ੍ਰੰਥੀ ਥਾਪਿਆ। ਇਹ ਦੂਜੀ ਮਿਸਾਲ ਹੈ ਦੇਹਿ ਧਾਰੀ ਗੁਰੂ ਦੀ, ਜਿਨ੍ਹਾਂ ਨੇ ਆਪਣੇ ਸਰੀਰ ਨਾਲੋਂ 'ਬਾਣੀ' ਨੂੰ ਮਹਾਨਤਾ ਦਿਤੀ। ਕਿਉਂਕਿ ਪਹਿਲੇ ਜਾਮੇ ਵਿਚ ਆਪ ਕਹਿ ਆਏ ਸਨ ਕਿ ਬਾਣੀ (ਸ਼ਬਦ) ਗੁਰੂ ਹੈ।

੩. ਰਾਤ ਨੂੰ (ਗੁਰੂ) ਗ੍ਰੰਥ ਸਾਹਿਬ ਦਾ ਸੁਖਆਸਨ ਅਕਾਲ ਤਖ਼ਤ ਸਾਹਿਬ ਦੇ ਨਾਲ ਵਾਲੇ ਕਮਰੇ (ਕੋਠਾ ਸਾਹਿਬ) ਵਿਚ ਹੋਣ ਲਗ ਪਿਆ। ਇਥੇ ਪਹਿਲਾਂ ਗੁਰੂ ਅਰਜਨ ਦੇਵ ਜੀ ਰਾਤ ਨੂੰ ਪਲੰਘ ਉਪਰ ਬਿਰਾਜਿਆ ਕਰਦੇ ਸਨ। ਪਰ ਹੁਣ ਗੁਰੂ ਗ੍ਰੰਥ ਸਾਹਿਬ ਨੂੰ ਪਲੰਘ ਉਤੇ ਸੁਖ-ਆਸਨ ਕੀਤਾ ਜਾਣ ਲਗ ਪਿਆ ਅਤੇ ਦੇਹਿਧਾਰੀ ਗੁਰੂ (ਗੁਰੂ ਅਰਜਨ ਦੇਵ ਜੀ) ਬਾਣੀ ਗੁਰੂ ਦੇ ਪਲੰਘ ਦੇ ਹੇਠਾਂ ਫ਼ਰਸ਼ ਤੇ ਬਿਰਾਜਣ ਲਗ ਪਏ। ਇਹ ਸੀ ਅਦਬ (ਸਤਿਕਾਰ) ਜੋ ਦੇਹਿ (ਸਰੀਰ) ਵਾਲੇ ਗੁਰੂ ਜੀ ਨੇ ਸ਼ਬਦ ਗੁਰੂ ਦਾ ਕੀਤਾ।

੪. ਦੇਹਿਧਾਰੀ ਗੁਰੂ ਸਾਹਿਬਾਨ ਦਾ ਲੰਗਰ ਚਲਾਉਣਾ ਅਤੇ ਸੰਗਤ ਦੀ ਪੰਗਤ ਵਿਚ ਬੈਠ ਕੇ ਪ੍ਰਸ਼ਾਦ ਛਕਣਾ, ਉਸੇ ਸਰੋਵਰ ਵਿਚ ਇਸ਼ਨਾਨ ਕਰਨਾ ਜਿਥੇ ਬਾਕੀ ਦੀਆਂ ਸੰਗਤਾਂ ਇਸ਼ਨਾਨ ਕਰਦੀਆਂ ਸਨ—ਆਦਿ ਅਨੇਕਾਂ ਮਿਸਾਲਾਂ (ਉਦਾਹਰਣਾਂ) ਹਨ ਜਿਨ੍ਹਾਂ ਤੋਂ ਸਿਧ ਹੁੰਦਾ ਹੈ ਕਿ ਗੁਰੂ ਮਹਾਰਾਜ ਨੇ ਗੁਰਬਾਣੀ (ਸ਼ਬਦ) ਨੂੰ ਗੁਰੂ ਮੰਨਿਆ ਹੀ ਨਹੀਂ, ਸਗੋਂ ਸਤਿਕਾਰ ਵੀ ਕੀਤਾ।

ਗੁਰੂ ਨਾਨਕ ਸਾਹਿਬ ਨੇ ਦਸਵੇਂ ਜਾਮੇ ਅੰਦਰ ਸਰੀਰਕ ਗੁਰੂ ਦਾ ਸਿਲਸਿਲਾ ਬੰਦ ਕਰ ਕੇ ਅਗੋਂ ਤੋਂ



www.AKJ.Org

ਆਪਣੀ ਜੋਤ ਦਾ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਵਿਚ ਪਰਵੇਸ਼ ਕਰ ਦਿਤਾ, ਅਤੇ ਜੁਗਤ ਪੰਥ ਦੇ ਹਵਾਲੇ ਕਰ ਦਿਤੀ।

**ਸ਼ਬਦ ਗੁਰੂ ਕਿਸ ਤਰ੍ਹਾਂ ਹੈ :—**

ਸਿਆਣੇ ਕਹਿੰਦੇ ਹਨ ਕਿ ਸ਼ਬਦ ਦਾ ਮਤਲਬ ਹੈ ਆਵਾਜ਼ ਜਾਂ ਸੁਰ। ਆਵਾਜ਼ ਦੋ ਚੀਜ਼ਾਂ ਦੇ ਟਕਰਾਓ ਤੋਂ ਪੈਦਾ ਹੁੰਦੀ ਹੈ। ਆਵਾਜ਼ ਜਾਂ ਸ਼ਬਦ ਤੋਂ ਹੀ ਸਾਨੂੰ ਕੁਝ ਸਮਝ ਪੈਂਦੀ ਹੈ ਜਾਂ ਗਿਆਨ ਪ੍ਰਾਪਤ ਹੁੰਦਾ ਹੈ; ਜਿਵੇਂ—

੧. ਅਸੀਂ ਬੰਦ ਕਮਰੇ ਵਿਚ ਬੈਠੇ ਹੁੰਦੇ ਹਾਂ। ਬਾਹਰ ਜ਼ੋਰ ਨਾਲ ਮੀਂਹ ਪੈਣ ਦੀ ਆਵਾਜ਼ ਜਦ ਸਾਡੇ ਕੰਨ ਸੁਣਦੇ ਹਨ, ਅਸੀਂ ਝਟ ਕਹਿ ਉਠਦੇ ਹਾਂ ਕਿ ਬਾਹਰ ਮੀਂਹ ਪੈ ਰਿਹਾ ਹੈ; ਹਾਲਾਂਕਿ ਅਸੀਂ ਮੀਂਹ ਪੈਂਦਾ ਵੇਖਿਆ ਨਹੀਂ ਹੁੰਦਾ। ਕੇਵਲ ਮੀਂਹ ਪੈਣ ਦੀ ਆਵਾਜ਼ (ਸ਼ਬਦ) ਸੁਣ ਕੇ ਸਮਝ ਜਾਂਦੇ ਹਾਂ ਤੇ ਹੁੰਦਾ ਵੀ ਠੀਕ ਹੈ।

੨. ਦੂਜੀ ਉਦਾਹਰਣ—ਅਸੀਂ ਸ਼ਹਿਰ ਦੇ ਬਾਹਰ-ਵਾਰ ਜਾ ਰਹੇ ਹੁੰਦੇ ਹਾਂ। ਸਾਹਮਣੇ ਉਚੇ ਟਿਬੇ ਵਾਲੇ ਪਾਸਿਓਂ ਵਗਦੇ ਪਾਣੀ ਦੀ ਜ਼ੋਰਦਾਰ ਆਵਾਜ਼ ਸੁਣ ਕੇ ਅਸੀਂ ਕਹਿ ਦਿੰਦੇ ਹਾਂ ਕਿ ਸਾਹਮਣੇ ਟਿਬੇ ਦੇ ਪਿਛੇ ਦਰਿਆ ਵਗ ਰਿਹਾ ਹੈ; ਦਰਿਆ ਵਗਦਾ ਸਾਨੂੰ ਦਿਸਦਾ ਨਹੀਂ ਹੁੰਦਾ। ਕੇਵਲ ਚਲਦੇ ਪਾਣੀ ਦੀ ਆਵਾਜ਼ ਤੋਂ ਹੀ ਸਾਨੂੰ ਗਿਆਨ ਹੁੰਦਾ ਹੈ ਕਿ ਦਰਿਆ ਹੈ ਜਾਂ ਨਦੀ।

ਜਿਸ ਤਰ੍ਹਾਂ ਮੀਂਹ ਪੈਣ ਅਤੇ ਦਰਿਆ ਦੇ ਚਲਣ ਦੀ ਆਵਾਜ਼ ਸੁਣ ਕੇ ਮੀਂਹ ਦੇ ਪੈਣ ਅਤੇ ਦਰਿਆ ਦਾ ਪਤਾ ਲਗਦਾ ਹੈ ਇਸੇ ਤਰ੍ਹਾਂ ਸੰਸਾਰ ਦੀਆਂ ਹੋਰ ਬਹੁਤ ਸਾਰੀਆਂ ਵਸਤਾਂ ਦਾ ਗਿਆਨ ਸਾਨੂੰ ਆਵਾਜ਼ (ਸ਼ਬਦ) ਤੋਂ ਹੀ ਹੁੰਦਾ ਹੈ। (ਆਵਾਜ਼ ਪ੍ਰਗਟਾਉਣ ਵਾਲੇ ਲਿਖਤੀ ਰੂਪ ਨੂੰ ਹੀ ਸ਼ਬਦ ਕਹਿ ਸਕਦੇ ਹਾਂ)

ਨਿਰੀ ਆਵਾਜ਼ ਨੂੰ ਕੇਵਲ ਕੰਨਾਂ ਨਾਲ ਹੀ ਸੁਣਿਆ ਜਾ ਸਕਦਾ ਹੈ, ਪਰ ਸ਼ਬਦ ਨੂੰ ਅਖਾਂ ਨਾਲ ਵੇਖਿਆ ਵੀ ਜਾ ਸਕਦਾ ਹੈ ਅਤੇ ਕੰਨਾਂ ਨਾਲ ਸੁਣਿਆ ਵੀ ਜਾ ਸਕਦਾ ਹੈ। ਇਸੇ ਕਰਕੇ ਮਨੁਖ ਜੋ ਕੰਮ ਕਰਦਾ ਹੈ ਉਹ ਬਹੁਤਾ ਵੇਖ ਕੇ ਜਾਂ ਸੁਣ ਕੇ ਹੀ ਕਰਦਾ ਹੈ।

ਸੋ ਸਿਧ ਹੋਇਆ ਕਿ ਸ਼ਬਦ ਹੀ ਇਕ ਐਸੀ ਵਸਤੂ ਹੈ ਜਿਸ ਦੇ ਸੁਣਨ ਜਾਂ ਵੇਖਣ ਪੜ੍ਹਨ ਨਾਲ ਸਾਨੂੰ ਸਮਝ ਪੈਂਦੀ ਹੈ, ਸਾਨੂੰ ਗਿਆਨ ਹੁੰਦਾ ਹੈ।

**ਸ਼ਬਦ ਅਤੇ ਗੁਰ ਸ਼ਬਦ :—**

ਜਿਸ ਤਰ੍ਹਾਂ ਸੰਸਾਰ ਦਾ ਗਿਆਨ ਸ਼ਬਦ ਤੋਂ ਹੁੰਦਾ ਹੈ ਉਸੇ ਤਰ੍ਹਾਂ ਪ੍ਰਭੂ ਬਾਰੇ ਗਿਆਨ ਗੁਰੂ ਦੇ ਸ਼ਬਦ ਦੁਆਰਾ ਹੁੰਦਾ ਹੈ। ਇਸੇ ਲਈ ਸ਼ਬਦ ਦੇ ਸੰਗ੍ਰਹਿ ਨੂੰ (ਗੁਰੂ ਗ੍ਰੰਥ ਸਾਹਿਬ ਨੂੰ) ਅਸੀਂ ਗੁਰੂ ਕਹਿੰਦੇ ਹਨ—ਗੁਰੂ ਮੰਨਦੇ ਹਾਂ।

**ਸ਼ਬਦ (ਬਾਣੀ) ਬੋਲਦੀ ਨਹੀਂ :—**

ਕਈ ਕਹਿੰਦੇ ਹਨ ਕਿ ਬਾਣੀ ਆਪ ਤਾਂ ਬੋਲਦੀ ਨਹੀਂ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਬੋਲਦੇ ਨਹੀਂ। ਉਹ ਗ਼ਲਤ ਕਹਿੰਦੇ ਹਨ। ਕਿਉਂਕਿ ਜੇ ਨਿਰਾ ਬੋਲਣ ਦੀ ਸਮਰਥਾ ਰਖਣ ਵਾਲਾ ਹੀ ਗੁਰੂ ਹੋ ਸਕਦਾ ਹੋਵੇ ਤਾਂ ਖੋਤਾ ਵੀ ਬੋਲਦਾ ਹੈ। ਕੀ ਖੋਤਾ (ਗਧਾ) ਗੁਰੂ ਹੋ ਜਾਏਗਾ ? ਨਹੀਂ, ਇਸ ਤਰ੍ਹਾਂ ਨਹੀਂ ਹੁੰਦਾ।

**ਗੱਲ ਇਸ ਤਰ੍ਹਾਂ ਹੈ :—**

ਇਕ ਚੁਰਸਤੇ ਵਿਚਕਾਰ ਲੋਹੇ ਦਾ ਇਕ ਖੰਭਾ ਗਡਿਆ ਹੋਇਆ ਹੈ। ਉਸ ਖੰਭੇ ਉਤੇ ਚਾਰ ਲੋਹੇ ਦੇ ਹਥ, ਚੋਹਾਂ ਸੜਕਾਂ ਦੀਆਂ ਦਿਸ਼ਾਵਾਂ ਵਲ ਫ਼ਿਟ ਕੀਤੇ ਹੋਏ (ਲਗਾਏ ਗਏ) ਹਨ। ਉਨ੍ਹਾਂ ਲੋਹੇ ਦੇ ਹੱਥਾਂ ਵਿਚ ਇਕ ਉਪਰ ਚੰਡੀਗੜ੍ਹ, ਦੂਜੇ ਉਪਰ ਰੋਪੜ, ਤੀਜੇ ਉਪਰ ਅਨੰਦਪੁਰ ਸਾਹਿਬ ਅਤੇ ਚੌਥੇ ਉਪਰ ਜਲੰਧਰ ਲਿਖਿਆ ਹੋਇਆ ਹੈ।

ਇਨ੍ਹਾਂ ਰਸਤਿਆਂ ਤੋਂ ਅਨਜਾਣ ਇਕ ਓਪਰਾ ਆਦਮੀ ਚੰਡੀਗੜ੍ਹ ਜਾਣਾ ਚਾਹੁੰਦਾ ਹੈ। ਉਹ ਓਪਰਾ ਆਦਮੀ ਉਸ ਸੜਕ ਉਤੇ ਤੁਰ ਪੈਂਦਾ ਹੈ ਜਿਸ ਸੜਕ ਵਲ ਇਸ਼ਾਰਾ ਕਰਨ ਵਾਲੇ ਫਟੇ (ਹਥ) ਉਪਰ ਚੰਡੀਗੜ੍ਹ ਲਿਖਿਆ ਹੋਇਆ ਹੈ। ਇਸ ਤਰ੍ਹਾਂ ਉਹ ਚੰਡੀਗੜ੍ਹ ਪੁਜ ਜਾਂਦਾ ਹੈ। ਪਰ ਦਸੋ ਕਿ ਕੀ ਉਹ ਖੰਭੇ ਉਤੇ ਲਗੇ ਹਥ ਨੇ ਬੋਲ ਕੇ ਰਸਤਾ ਦਸਿਆ ਕਿ ਚੰਡੀਗੜ੍ਹ ਇਸ ਪਾਸੇ ਹੈ ?

ਨਹੀਂ—ਇਸ ਤਰ੍ਹਾਂ ਨਹੀਂ ਹੋਇਆ।

ਦਰਅਸਲ ਜਿਸ ਤਰ੍ਹਾਂ ਕੰਨ ਸੁਣ ਕੇ ਸਾਡੇ ਦਿਮਾਗ਼ ਨੂੰ ਜਾਣਕਾਰੀ ਦੇਂਦੇ ਹਨ ਉਸੇ ਤਰ੍ਹਾਂ ਅਖਾਂ ਵੇਖ ਕੇ ਵਾਕਫ਼ੀ ਦਿੰਦੀਆਂ ਹਨ। ਅਗੋਂ ਕਿਸੇ ਕੰਮ ਨੂੰ ਕਰਨ ਜਾਂ ਨਾ ਕਰਨ ਬਾਰੇ ਦਿਮਾਗ਼ ਸੋਚਦਾ ਹੈ ਅਤੇ ਸਰੀਰ ਨੂੰ ਕੰਮ ਕਰਨ ਲਈ ਪ੍ਰੇਰਨਾ ਦਿੰਦਾ ਹੈ।

ਸੋ ਜਿਸ ਤਰ੍ਹਾਂ ਬੋਰਡ ਤੋਂ ਚੰਡੀਗੜ੍ਹ ਜਾਣ ਦਾ ਰਸਤਾ ਵੇਖ ਕੇ ਰਾਹੀਂ ਉਸ ਪਾਸੇ ਤੁਰ ਕੇ ਚੰਡੀਗੜ੍ਹ ਪੁਜ ਜਾਂਦਾ ਹੈ ਇਸੇ ਤਰ੍ਹਾਂ ਗੁਰਬਾਣੀ ਅਨੁਸਾਰ ਜੀਵਨ ਬਤੀਤ ਕਰਨ ਵਾਲਾ ਮਨੁਖ ਜਿਥੇ ਪੂਰਨ ਮਨੁਖ ਬਣ ਸਕਦਾ ਹੈ ਉਥੇ ਨਿਸਚਿਤ ਠਿਕਾਣੇ ਉਤੇ ਵੀ ਪੁਜ ਜਾਂਦਾ ਹੈ ।

**ਪਰ ਜੋ ਅਨਪੜ੍ਹ ਹੈ :—**

ਕਈ ਕਹਿੰਦੇ ਹਨ ਅਨਪੜ੍ਹ ਲੋਕ ਤਾਂ ਬਾਣੀ ਪੜ੍ਹ ਹੀ ਨਹੀਂ ਸਕਦੇ, ਇਸ ਲਈ ਉਨ੍ਹਾਂ ਨੂੰ ਬਾਣੀ ਸਮਝਾਉਣ ਵਾਲਾ (ਆਦਮੀ ਗੁਰੂ) ਧਾਰਨ ਕਰਨਾ ਜ਼ਰੂਰੀ ਹੈ । ਅਸੀਂ ਕਹਿੰਦੇ ਹਾਂ ਕਿ ਜੇ ਅਨਪੜ੍ਹ ਆਦਮੀ ਬੋਲਾ (ਡੋਰਾ) ਹੋਵੇ ਤਾਂ ਉਹ ਦੇਹਧਾਰੀ ਗੁਰੂ ਦਾ ਗਿਆਨ ਕਿਸ ਤਰ੍ਹਾਂ ਸੁਣੇਗਾ ਅਤੇ ਕਿਸ ਤਰ੍ਹਾਂ ਸਮਝੇਗਾ ?

**ਇਕ ਹੋਰ ਉਦਾਹਰਣ :—**

ਇਕ ਤੀਵੀਂ ਅਨਪੜ੍ਹ ਹੈ । ਉਸ ਦਾ ਪਤੀ ਬਾਹਰ ਪਰਦੇਸ ਗਿਆ ਹੋਇਆ ਹੈ । ਪਤੀ ਆਪਣੀ ਪਤਨੀ ਨੂੰ ਚਿਠੀ ਲਿਖਦਾ ਹੈ । ਪਤਨੀ ਨੂੰ ਜਦ ਚਿਠੀ ਮਿਲਦੀ ਹੈ ਤਾਂ ਉਹ ਖ਼ੁਸ਼ ਤਾਂ ਬੜੀ ਹੁੰਦੀ ਹੈ, ਪਰ ਉਹ ਚਿਠੀ ਪੜ੍ਹ ਨਹੀਂ ਸਕਦੀ, ਕਿਉਂਕਿ ਉਹ ਅਨਪੜ੍ਹ ਹੈ । ਉਹ ਕਿਸੇ ਗੁਆਂਢੀ ਜਾਂ ਹੋਰ ਕਿਸੇ ਰਿਸ਼ਤੇਦਾਰ ਤੋਂ ਚਿਠੀ ਪੜ੍ਹਾਉਂਦੀ ਹੈ ਅਤੇ ਸਾਰੀ ਗੱਲ ਸਮਝ ਜਾਂਦੀ ਹੈ । ਪਰ ਦਸੋ ਕਿ ਚਿਠੀ ਪੜ੍ਹ ਕੇ ਸੁਣਾਉਣ ਵਾਲਾ ਕੀ ਉਸਦਾ ਪਤੀ ਹੋ ਸਕਦਾ ਹੈ ?

ਕਦੇ ਨਹੀਂ—ਹਰਗਿਜ਼ ਨਹੀਂ ।

ਜਿਸ ਤਰ੍ਹਾਂ ਚਿਠੀ ਸੁਣਾਉਣ ਵਾਲਾ ਪਤੀ ਨਹੀਂ ਬਣ ਸਕਦਾ ਇਸੇ ਤਰ੍ਹਾਂ ਗੁਰਬਾਣੀ ਦੇ ਅਰਥ ਭਾਵ ਸਮਝਾਉਣ ਵਾਲਾ ਜਾਂ ਗੁਰਬਾਣੀ ਦੇ ਦਸੇ ਹੋਏ ਰਾਹ ਉਤੇ ਤੁਰਨ ਦੀ ਜਾਚ ਦਸਣ ਵਾਲਾ ਗੁਰੂ ਨਹੀਂ ਹੋ ਸਕਦਾ ।

ਉਹ ਆਦਰ ਯੋਗ ਤਾਂ ਹੋ ਸਕਦਾ ਹੈ, ਸਤਿਕਾਰ ਦੇ ਲਾਇਕ ਵੀ ਹੋ ਸਕਦਾ ਹੈ, ਪਰ ਗੁਰੂ ਨਹੀਂ ਹੋ ਸਕਦਾ । ਉਹ ਤਾਂ ਸਤਿਗੁਰਾਂ ਦੇ ਦ੍ਰਿੜ੍ਹਾਏ ਹੋਏ ਗਿਆਨ ਦਾ ਆਪਣੀ ਬੁਧ ਅਨੁਸਾਰ ਉਲਥਾ ਹੀ ਕਰਦਾ ਹੈ । ਇਹ ਗੱਲ ਸਾਨੂੰ ਸਭ ਨੂੰ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ।

**ਫ਼ਰਜ਼ :—**

ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ 'ਦੇ ਸਿਖਾਂ ਦਾ ਫ਼ਰਜ ਹੈ ਕਿ ਜਿਥੇ ਉਹ ਆਪ ਇਨ੍ਹਾਂ ਗੱਲਾਂ ਨੂੰ ਸਮਝਣ ਉਥੇ ਦੇਹਧਾਰੀ ਗੁਰੂ ਅਖਵਾਉਣ ਵਾਲਿਆਂ ਦੇ ਭੁਲੇਖੇ ਤੋਂ ਆਪ ਬਚਣ ਅਤੇ ਹੋਰ ਭੋਲੇ ਭਾਲੇ ਵੀਰਾਂ ਨੂੰ ਬਚਾਉਣ ਲਈ ਉਪਰਾਲਾ ਕਰਨ ਦਾ ਪਰਉਪਕਾਰ ਕਰਨ ਅਤੇ ਪੁੰਨ ਕਮਾਉਂਦਿਆਂ ਹੋਇਆਂ ਹੇਠ ਲਿਖੇ ਜਤਨ ਕੀਤੇ ਜਾਣ :—

੧. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਗੁਰਗਦੀ ਪੁਰਬ ਵਡੇ ਪਧਰ ਤੇ ਹਰ ਪਿੰਡ ਹਰ ਸ਼ਹਿਰ ਮਨਾਇਆ ਜਾਏ । ਜਿਸ ਵਿਚ ਬਾਣੀ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ, ਗੁਰਬਾਣੀ ਦੇ ਕੀਰਤਨ-ਕਥਾ ਅਤੇ ਸਿਆਣਿਆਂ ਦੇ ਲੈਕਚਰਾਂ ਰਾਹੀਂ ਦਰਸਾਈ ਜਾਏ ।

੨. ਪਾਖੰਡੀ ਅਤੇ ਦੇਹਧਾਰੀ ਗੁਰੂਆਂ ਦੇ ਪਾਖੰਡ-ਜਾਲ ਨੂੰ ਦਲੀਲਾਂ ਰਾਹੀਂ ਖੰਡਨ ਕੀਤਾ ਜਾਏ ਅਤੇ ਅਸਲੀਅਤ ਬਾਰੇ ਸੰਗਤਾਂ ਨੂੰ ਜਾਣਕਾਰੀ ਦਿਤੀ ਜਾਵੇ ।

੩. ਗੁਰਬਾਣੀ ਅਨੁਸਾਰ ਜੀਵਨ ਬਿਤਾਉਣਾ ਗੁਰੂ ਦਾ ਹੁਕਮ ਮੰਨਣਾ ਹੈ । ਸੋ ਸਾਡਾ ਸਾਰਿਆਂ ਦਾ ਫਰਜ਼ ਹੈ ਕਿ ਆਪੋ ਆਪਣੀ ਥਾਂ ਵੇਖੀਏ ਕਿ ਅਸੀਂ ਹਾਲਾਂ ਤਕ ਗੁਰੂ ਸਾਹਿਬ ਦੇ ਕਿਹੜੇ ਕਿਹੜੇ ਹੁਕਮ ਨਹੀਂ ਮੰਨ ਰਹੇ ? ਉਨ੍ਹਾਂ ਨੂੰ ਮੰਨਣ ਦਾ ਉਪਰਾਲਾ ਕਰੀਏ ।

੪. ਗੁਰੂ ਸਾਹਿਬ ਦਾ ਸਤਿਕਾਰ ਜਿਥੇ ਗੁਰੂ ਸਾਹਿਬ ਦੇ ਕਹੇ ਅਨੁਸਾਰ ਚਲਣਾ ਹੈ ਉਥੇ ਸਾਡਾ ਫਰਜ਼ ਹੈ ਕਿ ਇਸ "ਪਰਗਟ ਗੁਰਾਂ ਕੀ ਦੇਹੀ" ਦਾ ਸਤਿਕਾਰ ਇਸ ਤਰ੍ਹਾਂ ਵੀ ਕਰੀਏ :—

(ੳ) ਦੀਵਾਨ ਦੀ ਸਮਾਪਤੀ ਸਮੇਂ ਪਹਿਲਾਂ ਸੁਖਆਸਨ ਕਰ ਕੇ ਮਹਾਰਾਜ ਦੀ ਸਵਾਰੀ ਨੂੰ ਨਿਜੀ ਅਸਥਾਨ ਤੇ ਪਹੁੰਚਾਇਆ ਜਾਏ । ਫਿਰ ਸੰਗਤ ਆਪੋ ਆਪਣੇ ਘਰਾਂ ਜਾਂ ਕੰਮਾਂ ਕਾਜਾਂ ਨੂੰ ਜਾਏ । ਮਹਾਰਾਜ ਦੀ ਸਵਾਰੀ ਇਕ ਥਾਂ ਤੋਂ ਦੂਜੀ ਥਾਂ ਲਿਜਾਣ ਲਈ ਘਟੋ ਘਟ ਪੰਜ ਸਿੰਘ ਨਾਲ ਜ਼ਰੂਰੀ ਹੋਣੇ ਚਾਹੀਦੇ ਹਨ । ਅਤੇ ਰਸਤੇ ਨੂੰ ਪਹਿਲਾਂ ਹੀ ਸਾਫ਼ ਕਰਾਇਆ ਜਾਣਾ ਚਾਹੀਦਾ ਹੈ ਤੇ ਪਾਣੀ ਦਾ ਛਿੜਕਾਓ ਖੁਲ੍ਹਾ ਹੋਣਾ ਚਾਹੀਦਾ ਹੈ ।

(ਅ) ਚੋਰ ਸੇਵਾਦਾਰ ਹੋ ਕੇ ਸੇਵਾ ਦਾ ਕੰਮ ਕਰਦਾ ਹੈ । ਇਸ (ਚੋਰ) ਸੇਵਾਦਾਰ ਨੂੰ ਨ ਮਾਲਕ ਦੇ ਨਾਲ ਮੰਜੀ ਸਾਹਿਬ ਉਪਰ ਰਖਣਾ ਚਾਹੀਦਾ ਹੈ, ਨਾ ਹੀ ਹੇਠਾਂ ਜ਼ਮੀਨ ਤੇ ਪੈਰਾਂ ਵਿਚ ਰੋਲਣਾ ਚਾਹੀਦਾ ਹੈ, ਸਗੋਂ


www.AKJ.Org

ਇਕ ਚੋਕੀ ਉਪਰ ਨਾਲ ਹੀ ਵਖਰਾ ਹੋਣਾ ਚਾਹੀਦਾ ਹੈ।

(ਦ) ਮੰਜੀ ਸਾਹਿਬ ਦੇ ਪਾਵੇ ਦਬਾਉਣ, ਜਾਂ ਪਾਵਿਆਂ ਨਾਲ ਰਖੜੀਆਂ ਬੰਨ੍ਹਣੀਆਂ ਮਨਮਤ ਹੈ। ਰੁਮਾਲਾ ਚੁਕ ਕੇ ਦਰਸ਼ਨ ਕਰਨਾ ਵੀ ਠੀਕ ਨਹੀਂ ਕਿਉਂਕਿ ਅਸਲ ਦਰਸ਼ਨ ਬਾਣੀ ਪੜ੍ਹਨੀ, ਸੁਣਨੀ ਤੇ ਮੰਨਣੀ ਹੈ।

(ਸ) ਸਿਖ ਧਰਮ, ਮੂਰਤੀ ਦਾ ਪੁਜਾਰੀ ਨਹੀਂ, ਇਸ ਲਈ ਫ਼ੋਟੂਆਂ ਨੂੰ ਨਮਸਕਾਰ ਕਰਨੀ, ਧੂਪ ਦੇਣਾ ਜਾਂ ਫ਼ੋਟੂਆਂ ਵਾਲੇ ਰੁਮਾਲੇ ਚੜ੍ਹਾਉਣੇ ਅਸਲੀਅਤ ਤੋਂ ਦੂਰ ਲਿਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰੀ-ਅਸਥਾਨ ਵਿਚ ਕੋਈ ਫ਼ੋਟੋ ਨਹੀਂ ਹੋਣੀ ਚਾਹੀਦੀ।

(ਹ) ਜੇ ਸਾਡੇ ਘਰ ਕੋਈ ਪ੍ਰਾਹੁਣਾ (ਮਹਿਮਾਨ) ਆ ਜਾਏ ਤਾਂ ਅਸੀਂ ਉਸਦੇ ਬੈਠਿਆਂ ਝਾੜੂ ਦੇਂਦੇ ਚੰਗੇ ਨਹੀਂ ਲਗਦੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਸਮੇਂ ਝਾੜੂ ਦੇਣਾ ਕਿਥੋਂ ਤਕ ਠੀਕ ਹੈ? ਸਫ਼ਾਈ ਪ੍ਰਕਾਸ਼ ਕਰਨ ਤੋਂ ਪਹਿਲਾਂ ਕਰਨੀ ਯੋਗ ਹੈ।

(ਕ) ਸਤਿਗੁਰਾਂ ਦੀ ਹਜ਼ੂਰੀ ਵਿਚ ਬੇਖ਼ੌਫ਼ ਗੱਲਾਂ ਕਰਨੀਆਂ ਤੇ ਰੌਲਾ-ਰਪਾ ਪਾਣਾ ਸ਼ਹਿਨਸ਼ਾਹ ਦੀ ਬੇਅਦਬੀ ਕਰਨਾ ਹੈ।

(ਖ) ਗੁਰੂ-ਦਰਬਾਰ ਦੇ ਸਤਿਕਾਰ ਤੇ ਭੈ-ਭਾਵਨੀ ਨੂੰ ਮੁੱਖ ਰਖਦਿਆਂ ਜਿਥੇ ਠਾਠੀ ਬੰਨ੍ਹਕੇ ਜਾਂਨਗੇ ਸਿਰ ਗੁਰਦੁਆਰੇ ਨਹੀਂ ਜਾਈਦਾ ਉਥੇ ਜੁਤੀਆਂ ਦੇ ਮਿਟੀ ਘਟੇ ਨਾਲ ਲਿਬੜੀਆਂ ਜੁਰਾਬਾਂ ਸਮੇਤ ਬਾਣੀ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬੇ ਬੈਠ ਕੇ ਹੁਕਮ ਲੈਣਾ ਬੇਅਦਬੀ ਹੈ।

---

# ਪਰਤਖਿ ਗੁਰੂ ਨਿਸਤਾਰੇ

ਜਿਸ ਨੂੰ ਗੁਰੂ ਗਰੰਥ ਸਾਹਿਬ 'ਪਰਤਖਿ ਗੁਰੂ' ਨਹੀਂ ਦਿਸਦੇ, ਉਸ ਨੂੰ ਪ੍ਰਮਾਤਮਾ ਪਰਤਖਿ ਕਿਵੇਂ ਦਿਸ ਸਕਦਾ ਹੈ?

ਗੁਰੂ ਗਰੰਥ ਸਾਹਿਬ ਜੀ ਦਾ ਤਾਂ 'ਸਰੂਪ' ਹੈ, ਪਰ ਪਰਮਾਤਮਾ ਦਾ ਤਾਂ ਸਰੂਪ ਪੰਜ-ਭੂਤਕੀ ਅੱਖਾਂ ਨਾਲ ਦਿਸਣ ਵਾਲਾ ਹੀ ਕੋਈ ਨਹੀਂ।

"ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ
ਨਹਿਨ ਜਿਹ ॥ ਰੂਪ ਰੰਗ ਅਰੁ ਰੇਖ ਭੇਖ ਕੋਊ
ਕਹਿ ਨ ਸਕਤ ਕਿਹ ॥" ੴ(ਜਾਪੁ ਸਾਹਿਬ)

ਗੁਰੂ ਗਰੰਥ ਸਾਹਿਬ ਦੀ ਬਾਣੀ "ਗੁਰੂਬਾਣੀ" ਹੈ। ਇਹ ਸੁਣੀ ਜਾ ਸਕਦੀ ਹੈ, ਪੜ੍ਹੀ ਜਾ ਸਕਦੀ ਹੈ, ਇਹ ਗਾਵੀ ਜਾ ਸਕਦੀ ਹੈ। ਇਹ ਗੁਰੂ 'ਬਾਣੀ' ਗੁਰੂ ਦਾ 'ਹੁਕਮ' ਹੈ। ਜਿਸਨੂੰ ਇਸ ਬਾਣੀ ਉਤੇ ਭਰੋਸਾ ਨਹੀਂ, ਉਸਨੂੰ ਗੁਰੂ ਉਤੇ ਭਰੋਸਾ ਕਿਵੇਂ ਹੋ ਸਕਦਾ ਹੈ?

ਜਿਸ ਨੂੰ ਗੁਰੂ ਗਰੰਥ ਸਾਹਿਬ ਬਾਰੇ 'ਪਰਤਖਿ ਗੁਰੂ' ਹੋਣ ਦਾ ਨਿਸਚਾ ਬਝ ਗਿਆ ਹੈ, ਉਸਨੂੰ ਗੁਰਬਾਣੀ ਦੇ 'ਹੁਕਮਾਂ' ਉਤੇ ਵੀ ਨਿਸਚਾ ਹੋ ਗਿਆ ਹੈ। ਜਿਸ ਨੂੰ ਗੁਰਬਾਣੀ ਉਤੇ ਨਿਸਚਾ ਹੈ, ਉਸਨੂੰ ਪ੍ਰਮਾਤਮਾ ਦੀ ਵੀ ਪ੍ਰਾਪਤੀ ਹੋ ਜਾਵੇਗੀ, ਕਿਉਂਕਿ ਇਹ ਬਾਣੀ ਤਾਂ ਹੈ ਹੀ 'ਧੁਰ ਕੀ ਬਾਣੀ'। ਇਹ ਬਾਣੀ ਉਹ ਹੈ, ਜਿਸ ਬਾਰੇ ਗੁਰੂ ਸਾਹਿਬਾਂ ਦਾ ਹੁਕਮ ਹੈ ਕਿ :—

"ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ
ਗੁਰਸਿਖਹੁ, ਹਰਿ ਕਰਤਾ ਆਪਿ ਮੁਹਹੁ ਕਢਾਏ ॥"

ਜਿਸ ਦੀ ਬਾਣੀ ਨਾਲ ਤੁਹਾਡਾ ਪਿਆਰ ਹੈ, ਉਸ ਨਾਲ ਪਿਆਰ ਤਾਂ ਆਪਣੇ ਆਪ ਹੀ ਹੋਇਆ ਸਮਝੋ। ਜੇ ਪ੍ਰਭੂ ਦੀ 'ਬਾਣੀ' ਨਾਲ ਪਿਆਰ ਹੈ ਤਾਂ 'ਪ੍ਰਭੂ' ਨਾਲ 'ਪਿਆਰ' ਆਪੇ ਹੋ ਗਿਆ। ਜੇ 'ਬਾਣੀ' ਹਿਰਦੇ ਵਿਚ ਵਸ ਗਈ ਤਾਂ 'ਪ੍ਰਭੂ' ਆਪੇ ਵਸ ਗਿਆ। ਇਹ ਬਾਣੀ ਹੀ ਗੁਰੂ ਨਾਲ ਤੇ ਪ੍ਰਮਾਤਮਾ ਨਾਲ ਮਨੁਖ ਦਾ ਮੇਲ ਕਰਾ ਸਕਦੀ ਹੈ—

"ਬਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ
ਪਰਤਖਿ ਗੁਰੂ ਨਿਸਤਾਰੇ ॥"

[ਨਟ ਮਹਲਾ ੪, ਪੰਨਾ ੯੮੨



www.AKJ.Org

# ਅਕਾਲ ਪੁਰਖ ਦੀ ਦਰਗਾਹ (੨)

[ ਵਲੋਂ — ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥
ਕਹੁ ਨਾਨਕ ਬਾਹ ਲੁਡਾਈਐ ॥

[ਸਿਰੀ ਰਾਗ ਮ: ੧, ਪੰਨਾ ੨੬

ਅਗਲੀ ਦਰਗਾਹ ਵਿਚ ਗੁਰਮੁਖ ਪਿਆਰੇ ਦੇ ਅਨੰਦ ਰੰਗ ਮਾਨਣ ਦਾ ਕੈਸਾ ਹੂ-ਬ-ਹੂ ਨਕਸ਼ਾ ਬੰਨ੍ਹਿਆ ਹੈ ! ਕਿਹੜਾ ਗੁਰਸਿਖ ਹੈ, ਜੋ ਅਗਲੀ ਦਰਗਾਹ ਦੀ ਹਸਤੀ ਤੋਂ ਮੁਨਕਰ ਹੋਣ ਦੀ ਦਲੇਰੀ ਕਰ ਸਕਦਾ ਹੈ । ਹਾਂ ਮਾਇਆ ਮੋਹ ਲਪਟਾਏ, ਲਥ-ਪਥਾਏ ਮਨਮੁਖਾਂ ਨੂੰ ਇਸ ਅਗਲੀ ਦਰਗਾਹ ਦੀ ਪਰਤੀਤ ਨਹੀਂ ਆ ਸਕਦੀ, ਕਿਉਂਕਿ ਉਨ੍ਹਾਂ ਦਾ ਵਿਹਾਰ ਹੀ ਨਿਤਾਪ੍ਰਤਿ ਮਾਇਆ ਗ੍ਰਸਤ ਮੋਹ-ਲਪਟਸਤ ਰਹਿਣਾ ਹੈ । ਉਨ੍ਹਾਂ ਦੀ ਪ੍ਰਮਾਰਥ ਦੇ ਪਾਸੇ ਅੱਖ ਹੀ ਨਹੀਂ ਉਘੜਦੀ । ਉਨ੍ਹਾਂ ਨੂੰ ਪਰਮਾਤਮਾ ਦੇ ਪਾਉਣ ਦੀ ਵੈਰਾਗ-ਉਦਾਸੀ ਹੀ ਨਹੀਂ ਉਪਜਦੀ । ਤਿਨ੍ਹਾਂ ਨੂੰ ਪ੍ਰਮਾਰਥ ਦੇ ਸਚੇ ਸ਼ਾਹ ਸਤਿਗੁਰੂ ਦੇ ਦੁਆਰੇ ਜਾਇ ਸਚੀ ਦੀਖਸ਼ਾ-ਮਈ ਸੁਮਤਿ ਲੈਣ ਦੀ ਲੋੜ ਹੀ ਨਹੀਂ ਭਾਸਦੀ । ਉਹ ਕਰਮ-ਹੀਣ ਸਦਾ ਦੁਖੀ ਦਰਿਦ੍ਰੀ ਤੇ ਦੀਨ ਹੀ ਰਹਿੰਦੇ ਹਨ, ਗੁਰ-ਸ਼ਬਦ ਨਹੀਂ ਚੀਨਦੇ । ਅਗੇ ਜਾ ਕੇ ਖੀਨ ਖਰਾਬ ਤੇ ਪਤਿਹੀਨ ਹੁੰਦੇ ਹਨ, ਰਹਿੰਦੀ ਖੂੰਹਦੀ ਪਤਿ ਭੀ ਖੋਹ ਲੈਂਦੇ ਹਨ । ਇਹ ਹਉਮੈ ਬੰਧਨੀ ਮਨਮੁਖਾਂ ਸਾਕਤਾਂ ਦਾ ਹਾਲ ਹੁੰਦਾ ਹੈ । ਜਿਨ੍ਹਾਂ ਗੁਰਮੁਖਾਂ ਸਤਿਗੁਰ ਦੀ ਦੀਖਿਆ ਲੈ, ਨਿਗੁਰਿਓਂ ਸਗੁਰੇ ਹੋਇ ਕੇ ਹਉਮੈ ਖੋਹੀ ਹੈ ਤਿਨ੍ਹਾਂ ਨਾਮ-ਰੱਤਿਆਂ ਨੂੰ ਹੀ ਸੱਚੜੀ ਦਰਗਾਹੇ ਸੱਚਾ ਸੁੱਖ ਮਿਲਦਾ ਹੈ । ਗੁਰੂ ਦੇ ਗੁਰਮੁਖ ਸਿਖ ਗੁਰਮਤਿ ਕਰਮ ਸੁਕਰਮ ਨਾਮ-ਮਰੰਮੀ, ਨਾਮ-ਸਿਫਤੰਗੀ ਕਰਮ ਕਮਾਂਵਦੇ ਹੋਇ ਵਿਗਾਸ-ਵਿਗਸੰਗੀ, ਰੰਗ-ਰੰਗੰਮੀ ਹੀ ਰਹਿੰਦੇ ਹਨ; ਦਿਨ ਰਾਤ ਸੰਝ ਪਰਭਾਤ ਭਗਤੀ-ਰੱਤੇ ਹੀ ਰਹਿੰਦੇ ਹਨ । ਐਥੇ ਭੀ ਅਤੇ ਓਥੇ ਭੀ ਬੈਰਾਗ-ਅਨੰਦੀਏ ਅਨੰਦ-ਬੈਰਾਗੀਅੜੇ ਹੀ ਰਹਿੰਦੇ ਹਨ । ਇਸ ਤਰ੍ਹਾਂ ਹਉਮੈ ਮਾਰ ਕੇ ਉਹ ਉੱਕੇ ਹੀ ਨਿਸਚਿੰਤ ਹੋ ਜਾਂਦੇ ਹਨ । ਦੋਹੀ ਸਰਾਈਂ ਸੁਰਖ਼-ਰੂਈ ਹਾਸਲ ਕਰਿ, ਉਨ੍ਹਾਂ ਨੂੰ ਫਿਕਰ ਚਿੰਤਾ ਕਾਸੇ ਦੀ ਨਹੀਂ ਰਹਿੰਦੀ । ਉਨ੍ਹਾਂ ਦੇ ਵਡੇ ਭਾਗ ਪਹਿਲਾਂ ਹੀ ਉਦੇ ਹੋਇ ਆਉਣ ਕਰਕੇ ਉਨ੍ਹਾਂ ਦਾ ਮੁਢ ਤੋਂ ਹੀ ਸਤਿਸੰਗ ਵਿਚ ਵਾਸਾ ਤੇ ਪ੍ਰੇਮ-ਹੁਲਾਸਾ ਰਹਿੰਦਾ ਹੈ । ਅਹਿਨਿਸੀ ਸਤਸੰਗ-ਨਿਵਾਸ ਦੇ ਪ੍ਰਤਾਪ ਕਰ, ਤਿਨ੍ਹਾਂ ਨੂੰ ਵਾਹਿਗੁਰੂ ਦੀ ਪ੍ਰਾਪਤੀ ਐਸੀ ਹੁੰਦੀ ਹੈ ਕਿ ਉਹ ਸਦਾ ਹੀ ਸਹਿਜ ਅਨੰਦ ਅਵਸਥਾ ਵਿਚ ਲੀਨ-ਮਗਲੀਨ ਰਹਿੰਦੇ ਹਨ । ਇਸ ਪ੍ਰਕਾਰ ਦੇ ਜੋ ਅਨੰਦ-ਮਗਲੀਨ, ਨਾਮ-ਲਿਵਲੀਨ ਗੁਰਸਿਖ ਭਗਤ ਹਨ, ਸੋਈ ਸਚੇ ਸਾਧ ਹਨ, ਸੋਈ ਸਚੇ ਬੈਰਾਗੀ ਹਨ, ਸੋਈ ਸਚੇ ਰਾਜ-ਜੋਗੀ ਹਨ, ਤਿਨ੍ਹਾਂ ਨੇ ਹੀ ਵਿਚੋਂ ਆਪਾ ਗਵਾ ਲਿਆ ਹੁੰਦਾ ਹੈ । ਹਉਮੈ ਦਾ ਉੱਕਾ ਹੀ ਬਿਨਾਸ ਹੋਣ ਕਰਕੇ ਉਹ ਖਿਨ ਖਿਨ ਹਰ ਦਮ ਹੀ ਹਰਿ-ਰਸ ਪੀ ਅਘਾਏ ਰਹਿੰਦੇ ਹਨ । ਐਸਾ ਨਾਮ-ਨਿਧਾਨ ਉਨ੍ਹਾਂ ਨੂੰ ਸਚੇ ਪਾਤਸ਼ਾਹ ਨੇ ਤਲੀ ਤੇ ਕਢ ਕੇ ਦਿਖਾ ਦਿਤਾ ਹੁੰਦਾ ਹੈ ਅਤੇ ਹਿਰਦੇ ਵਿਗਸਤ ਕਰਾ ਦਿਤਾ ਹੁੰਦਾ ਹੈ, ਜਿਸ ਪ੍ਰਸਾਦਿ ਉਹ ਸਦ-ਸਦਾ ਖੀਵੇ ਦਰਸ-ਵਿਗਸੀਵੇ ਹੋਏ ਰਹਿੰਦੇ ਹਨ । ਯਥਾ ਗੁਰਵਾਕ :—

ਮਨਮੁਖ ਮੋਹਿ ਵਿਆਪਿਆ, ਬੈਰਾਗੁ ਉਦਾਸੀ ਨ ਹੋਇ ॥ ਸਬਦੁ ਨ ਚੀਨੈ ਸਦਾ ਦੁਖੁ, ਹਰਿ ਦਰਗਹਿ ਪਤਿ ਖੋਇ ॥ ਹਉਮੈ ਗੁਰਮੁਖਿ ਖੋਈਐ, ਨਾਮਿ ਰਤੇ ਸੁਖੁ ਹੋਇ ॥੧॥...ਗੁਰਮੁਖਿ ਕਰਮ ਕਮਾਵੈ ਬਿਗਸੈ ਹਰਿ ਬੈਰਾਗੁ ਅਨੰਦੁ ॥ ਅਹਿਨਿਸਿ ਭਗਤਿ ਕਰੇ ਦਿਨੁ ਰਾਤੀ, ਹਉਮੈ ਮਾਰਿ ਨਚਿੰਦੁ ॥ ਵਡੈ ਭਾਗਿ ਸਤਿਸੰਗਤਿ ਪਾਈ, ਹਰਿ ਪਾਇਆ ਸਹਜਿ ਅਨੰਦੁ ॥੨॥ ਸੋ ਸਾਧੂ ਬੈਰਾਗੀ ਸੋਈ, ਹਿਰਦੈ ਨਾਮੁ ਵਸਾਏ ॥ ਅੰਤਰਿ ਲਾਗਿ ਨ ਤਾਮਸੁ ਮੂਲੇ, ਵਿਚਹੁ ਆਪੁ ਗਵਾਏ ॥ ਨਾਮੁ ਨਿਧਾਨੁ ਸਤਿਗੁਰੂ ਦਿਖਲਾਇਆ, ਹਰਿ ਰਸੁ ਪੀਆ ਅਘਾਏ ॥੩॥...

[ਸ੍ਰੀ ਰਾਗ ਮਹਲਾ ੩, ਪੰਨਾ ੨੯

ਗੁਰਬਾਣੀ ਅੰਦਰ ਥਾਂ ਥਾਂ ਗੁਰੂ ਸਾਹਿਬ ਦੇ ਇਹ ਹੁਕਮ ਸਪੱਸ਼ਟ ਨਿਖਰਵੇਂ ਅਖਰਾਂ ਵਿਚ ਪਾਏ ਜਾਂਦੇ ਹਨ ।



www.AKJ.Org

ਜੋ ਲੋਕ ਗੁਰੂ ਤੋਂ ਬੇਮੁਖ ਹੋ ਕੇ ਮਨਮੁਖਾਂ ਵਾਲੇ ਕਰਮ ਕਮਾਉਂਦੇ ਹਨ ਉਨ੍ਹਾਂ ਨੂੰ ਅਗੇ ਦਰਗਾਹ ਅੰਦਰ ਸਜ਼ਾਵਾਂ ਮਿਲਦੀਆਂ ਹਨ। ਏਸ ਭੁਲੇਖੇ ਵਿਚ ਕੋਈ ਨ ਰਹੇ ਕਿ ਇਹ ਕੇਵਲ ਰੋਚਕ ਭਿਆਨਕੀ, ਡੂਮ-ਡਰਾਵੇ ਹੀ ਦਿਤੇ ਹੋਏ ਹਨ ਕਿ ਲੋਕ ਬੁਰੇ ਕਰਮਾਂ ਤੋਂ ਹਟ ਜਾਣ। ਬੁਰੇ ਕਰਮਾਂ ਤੋਂ ਹਟਾਉਣਾ ਭੀ ਸਤਿਗੁਰਾਂ ਦਾ ਇਕ ਪਰਮਾਰਥ ਉਦੇਸ਼ੀ ਮੁਖ ਉਪਦੇਸ ਹੈ, ਪਰ ਕੂੜਾਵੇ ਭੈ ਦੇ ਕੇ ਜਾਂ ਦਿਖਾ ਕੇ ਐਸਾ ਕਰਨਾ ਸਤਿਗੁਰ ਦੀ ਸਤਿਗੁਰਤਾ ਵਾਲੀ ਵਡਿਆਈ ਨੂੰ ਹਾਸੋ-ਹੀਣਾ ਬਨਾਉਣਾ ਹੈ। ਕੂੜਾਵਾ ਭੈ ਦੇਣਾ ਸਤਿਗੁਰ ਦੀ ਮਹੱਤਤਾ ਨਹੀਂ, ਨਾ ਹੀ ਗੁਰੂ ਗਿਆਨਗਤਾ ਹੈ :—

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ।

ਹੀ ਗੁਰੂ-ਗਿਆਨ ਉਪਦੇਸ਼ ਮਹਾਨਤਾ ਹੈ :—

ਪਰਮੇਸਰ ਕੈ ਦੁਆਰੈ ਜਿ ਹੋਇ ਬਿਤੀਤੈ, ਸੁ ਨਾਨਕੁ
ਆਖਿ ਸੁਣਾਵੈ ॥ [ਆਸਾ ਮਹਲਾ ੫, ਪੰਨਾ ੩੭੩

ਵਾਲੀ ਵਾਸਤਵਤਾ ਦਰਸਾਉਣੀ ਸਾਂਗੋ-ਪਾਂਗ ਦਰਪਨਾਉਣਾ ਸਤਿਗੁਰੂ ਦੀ ਸੱਤਾ ਮਹੱਤਤਾ ਵਾਲਾ ਵਾਸਤਵੀ ਕਰਤਵ ਹੈ। ਤਾਂ ਤੇ ਇਸ ਕੂੜਾਵੇ ਭਰਵਾਸੇ ਅਵੇਸਲੇ ਹੋ ਰਹਿਣਾ ਕਿ ਅਗੇ ਕੋਈ ਦਰਗਾਹ ਨਹੀਂ, ਨਾ ਹੀ ਕੋਈ ਸਜ਼ਾ ਮਿਲਣੀ ਹੈ, ਐਵੇਂ ਡੂਮ ਡਰਾਵਾ ਹੀ ਹੈ, ਐਸਾ ਕੁਢੰਗਾ ਢੰਗ ਖ਼ਿਆਲ ਕੁਢੰਗਣਾ ਮਹਾਂ ਮੂਰਖਤਾ ਭਰਿਆ ਅਗਿਆਨ ਹੈ। ਗੁਰ-ਵਾਕਾਂ ਦੁਆਰਾ ਨਿਰੂਪਣ ਹੋਇਆ ਸਤਿਗੁਰੂ ਸਾਹਿਬ ਦਾ ਤਤ ਫ਼ੁਰਮਾਨ ਸਭ ਸਤੋ ਸਤਿ ਹੈ। ਇਕ ਵਾਰ ਨਹੀਂ ਅਨਗਿਣਤ ਵਾਰ, ਇਕ ਥਾਉਂ ਨਹੀਂ ਅਨਗਿਣਤ ਥਾਉਂ ਗੁਰਬਾਣੀ ਅੰਦਰ ਐਸੇ ਫ਼ੁਰਮਾਨ ਆਉਂਦੇ ਹਨ। ਉਦਾਹਰਨ ਵਜੋਂ ਕੁਝ ਕੁ ਪ੍ਰਮਾਣ ਤਿਨ੍ਹਾਂ ਫ਼ੁਰਮਾਨਾਂ ਦੇ ਅਗੇ ਦਿਤੇ ਜਾਂਦੇ ਹਨ :—

ਮਨਮੁਖ ਕਰਮ ਕਮਾਵਣੇ, ਦਰਗਹ ਮਿਲੈ ਸਜਾਇ
॥੧॥... ਹਉਮੈ ਵਿਚਿ ਜਗੁ ਬਿਨਸਦਾ, ਮਰਿ
ਜੰਮੈ ਆਵੈ ਜਾਇ ॥ ਮਨਮੁਖ ਸਬਦੁ ਨ ਜਾਣਨੀ,
ਜਾਸਨਿ ਪਤਿ ਗਵਾਇ ॥ [ਸ੍ਰੀ ਰਾਗੁ ਮ: ੩, ਪੰਨਾ ੩੩

ਮਨਮੁਖਤਾ ਪਰਲੇ ਦਰਜੇ ਦੀ ਹਉਮੈ ਅਹੰਗਤਾ ਹੈ। ਸਾਰਾ ਜਗਤ ਇਸੇ ਵਿੱਚ ਭੰਬਲ-ਭੂਸੇ ਖਾ ਰਿਹਾ ਹੈ। ਜਿੰਨੇ ਭੀ ਇਸ ਹਉਮੈ ਬਿਆਧ ਉਪਾਧੀ ਵਾਲੇ ਮਨਮੁਖੀ ਕਰਮ ਹਨ, ਤਿਨ੍ਹਾਂ ਬਦਲੇ ਸਚੀ ਦਰਗਾਹ ਅੰਦਰ ਸਜ਼ਾ ਜ਼ਰੂਰ ਮਿਲਣੀ ਹੈ, ਅਵਸ਼-ਮੇਵ ਮਿਲਣੀ ਹੈ, ਟਲਦੀ ਨਹੀਂ, ਪਰ ਖ਼ਿਆਲ ਕੋਈ ਨਹੀਂ ਕਰਦਾ, ਨਾ ਕੋਈ ਸਮਝਦਾ ਹੈ। ਨ ਸਮਝਣ, ਦਰਗਾਹੀ ਸਜ਼ਾ ਵਾਲੀ ਸਜ਼ਾ ਟਲ ਨਹੀਂ ਜਾਣੀ। ਜ਼ਰੂਰ ਭੁਗਤਣੀ ਪਊ। ਏਸ ਮਨਮੁਖਤਾ ਭਰੀ ਹਉਮੈ ਦੇ ਕਾਰਨ ਹੀ ਸਾਰਾ ਜਗ ਬਿਨਸਦਾ ਹੈ, ਮਰਿ ਮਰਿ ਜੰਮਦਾ ਹੈ ਅਤੇ ਜੰਮ ਜੰਮ ਕੇ ਫਿਰ ਆਉਂਦਾ ਜਾਂਦਾ ਅਤੇ ਆਵਾਗਵਨੀ ਚੋਰਾਸੀ ਦੇ ਗੇੜ ਵਿਚ ਭੌਂਦਾ ਹੈ। ਹਉਮੈ ਗ੍ਰਸੇ ਮਨਮੁਖ ਨੂੰ ਗੁਰ-ਸ਼ਬਦ ਦੀ ਦੀਖਿਆ, ਗੁਰ-ਉਪਦੇਸ਼ ਸਤਤਾ ਦੀ ਪਰਤੀਤ ਨਹੀਂ ਆਉਂਦੀ। ਗੁਰ-ਸ਼ਬਦ ਦੀ ਸਾਰ ਨਹੀਂ ਆਉਂਦੀ। ਤਾਹੀਂ ਤੇ ਸਾਰਾ ਸੰਸਾਰੀ ਲਾਣਾ ਹਉਮੈ ਭਰਮ ਭੁਲਾਣਾ ਹੈ, ਇਹੋ ਕਿ ਆਪਣੀ ਪਤਿ ਆਬਰੂ ਗੰਵਾ ਕੇ ਆਪਣੀ ਮਨੁੱਖਤਾ ਨੂੰ ਝੂਠਲਾ ਕੇ ਚਲਿਆ ਜਾਂਦਾ ਹੈ। ਦੋਇ ਹੱਥ ਝਾੜਿ ਖ਼ਾਲੀ ਹੀ ਚਲਿਆ ਜਾਂਦਾ ਹੈ ਅਤੇ ਲੱਖ ਚੋਰਾਸੀ ਜੂਨਾਂ ਵਿਚ ਭਉਂਦਾ ਫਿਰਦਾ ਹੈ। ਤਾਂ ਤੇ ਇਸ ਉਪਰਲੇ ਗੁਰਵਾਕ ਤੋਂ ਦ੍ਰਿੜ੍ਹ ਕਰ ਮੰਨਣ ਯੋਗ ਜੋ ਸਤ ਵਾਸਤਵਤਾਈਆਂ ਹਨ, ਉਹ ਇਹ ਹਨ, ਜੋ ਅਵੱਸ਼ ਬੰਦੇ ਦੇ ਸਿਰ ਤੇ ਖੜੀਆਂ ਹਨ ਅਤੇ ਹੋ ਕੇ ਰਹਿਣਗੀਆਂ :—

(੧) ਅਗਲੀ ਦਰਗਾਹ ਹੈ।
(੨) ਉਥੇ ਜਾਣਾ ਪਊ ਅਤੇ ਮਨੁਖਤਾ ਦਾ ਲੇਖਾ ਦੇਣਾ ਪਊ।
(੩) ਉਥੇ ਮਿਲੀ ਸਜ਼ਾ ਜ਼ਰੂਰ ਭੁਗਤਣੀ ਪਊ।
(੪) ਸਜ਼ਾ ਮਿਲੂ, ਟਲਣੀ ਨਹੀਂ।
(੫) ਹਉਮੈ ਅਤੇ ਮਨੁਖਤਾ ਦੇ ਕਾਰਨ ਬਿਨਸਦੇ ਜਗਤ ਨੂੰ ਆਵਾਗਵਨ (ਮੁੜਿ ਮੁੜਿ ਜੰਮਣ ਮਰਨ) ਵਿਚ ਪੈਣਾ ਪਊ।
(੬) ਆਵਾਗਵਨੀ (ਮੁੜਿ ਮੁੜਿ ਮਰਿ ਜਨਮਣੀ) ਅਸੂਲ, ਗੁਰਮਤਿ ਦਾ ਧਰਮ ਨਹੀਂ, ਅਸੂਲ ਹੈ। ਇਹਨਾਂ ਤੋਂ ਸਿਰ ਫੇਰਨਾ ਗੁਰਸਿਖਾਂ ਦਾ ਧਰਮ ਨਹੀਂ, ਮਨਮੁਖਾਂ ਦੀ ਮਨਮੁਖਤਾ ਹੈ।
(੭) ਇਹ ਹੁਕਮ ਤਿਨ੍ਹਾਂ ਦੇ ਸਿਰ ਤੇ ਖੜਾ ਹੈ ਜੋ ਗੁਰ-ਸ਼ਬਦ ਤੋਂ ਹੀਣੇ ਬੇਮੁਖ ਹਨ।

ਗੁਰੂ ਦੇ ਗੁਰਮੁਖਾਂ, ਸ਼ਬਦ-ਮਾਰਗੀ ਭਗਤ ਜਨਾਂ ਨੂੰ ਸਦਾ ਪੰਥ ਪਰਗਟਾ ਹੈ। ਪਰਗਟ ਪਾਹਾਰੇ ਉਹ ਸਹਿਜ

www.AKJ.Org

ਵੇਵਾਰੇ ਸ਼ਿੰਗਾਰੇ ਹੋਇ ਹਰਿ ਦਰਗਾਹ ਪੈਂਧੇ ਜਾਂਦੇ ਹਨ। ਕੋਈ ਉਹਨਾਂ ਨੂੰ ਅਟਕਾਉ ਠਾਕ-ਠਹਿਰਾਉ ਹਰਿ ਦਰਗਹਿ ਅੰਦਰ ਨਹੀਂ ਪਾਇ ਸਕਦਾ। ਗੁਰਮਤਿ ਨਾਮ ਸਲਾਹੁਣ-ਹਾਰਿਆਂ ਨੂੰ ਸਦਾ ਹੀ ਦਰਗਾਹ ਅੰਦਰਿ ਸੁਰਖ਼ਰੂਈ ਹੈ। ਗੁਰਮਤਿ ਨਾਮ ਮਨਿ ਵਸਾਉਣ-ਹਾਰਿਆਂ ਦੀ ਸਦਾ ਸਦਾ ਹੀ ਨਾਮ ਵਿਖੇ ਲਿਵਤਾਰੀ ਜੁੜੀ ਰਹਿੰਦੀ ਹੈ। ਨਾਮ ਲਿਵ-ਸਮਾਧੀ ਸਮਾਧਤਿਆਂ ਨੂੰ "ਅਨਹਦ ਧੁਨੀ ਦਰਿ ਵਜਦੇ" ਸਾਫ਼ ਸੁਣਾਈ ਦਿੰਦੇ ਹਨ। ਤਿਨ੍ਹਾਂ ਨੂੰ ਸਚੀ ਦਰਗਾਹ ਵਿਚ ਸਗੋਂ ਸਚੀ ਸੋਭਾ ਵਡਿਆਈ ਮਿਲਦੀ ਹੈ :—

ਗੁਰਮੁਖਾ ਨੋ ਪੰਥੁ ਪਰਗਟਾ, ਦਰਿ ਠਾਕ ਨ ਕੋਈ ਪਾਇ ॥ ਹਰਿ ਨਾਮੁ ਸਲਾਹਨਿ, ਨਾਮੁ ਮੰਨਿ, ਨਾਮਿ ਰਹਨਿ ਲਿਵ ਲਾਇ ॥ ਅਨਹਦ ਧੁਨੀ ਦਰਿ ਵਜਦੇ, ਦਰਿ ਸਚੈ ਸੋਭਾ ਪਾਇ ॥੩॥

[ਸਿਰੀ ਰਾਗੁ ਮ: ੪, ਪੰਨਾ ੪੨

ਕੇਵਲ ਸਤਿਗੁਰੂ ਦੇ ਸੇਵਕਾਂ ਸਿਖਾਂ ਨੂੰ ਹੀ ਅਗੇ ਹਰਿ ਦਰਗਾਹ ਵਿਚ ਥਾਉਂ ਮਿਲਦਾ ਹੈ। ਯਥਾ ਗੁਰਵਾਕ:—

"ਜਿਨੀ ਸਤਿਗੁਰੁ ਸੇਵਿਆ ਤਿਨ ਅਗੈ ਮਿਲਿਆ ਥਾਉ ॥" [ਸਿਰੀ ਰਾਗੁ ਮ: ੫, ਪੰਨਾ ੪੩

ਸਤਿਗੁਰ ਤਿਨ੍ਹਾਂ ਨੇ ਹੀ ਸੇਵਿਆ ਹੈ, ਜੋ ਸਤਿਗੁਰ ਦੀ ਸੱਚੀ, ਸਚਿ ਦ੍ਰਿੜ੍ਹਾਈ ਦੀਖਿਆ ਲੈ ਕੇ ਸੱਚ ਸ਼ਬਦ ਦੇ ਸੇਵਨ ਸਿਮਰਨ-ਹਾਰੇ ਹੋਏ ਹਨ। ਤਿਨ੍ਹਾਂ ਨੂੰ ਅਗਲੇ ਪ੍ਰਮਾਰਥੀ ਲੋਕ ਵਿਖੇ, ਸੱਚੇ ਦੀ ਸੱਚੀ ਦਰਗਾਹ ਵਿਖੇ ਸੱਚਾ ਸੁਖ-ਅਸਥਾਨੀ ਥਾਉਂ ਮਿਲਦਾ ਹੈ। ਐਸੇ ਭਗਤ ਜਨਾਂ ਨੂੰ ਵਾਹਿਗੁਰੂ ਆਪਣੀ ਖ਼ਾਸ ਕਿਰਪਾ ਧਾਰ ਕੇ ਸੁਰੱਖਤ ਰਖਦਾ ਹੈ ਅਤੇ ਤਿਨ੍ਹਾਂ ਦੇ ਹਲਤ (ਇਸ ਲੋਕ) ਵਿਖੇ ਭੀ ਤੇ ਪਲਤ (ਅਗਲੇ ਲੋਕ) ਵਿਖੇ ਭੀ ਮੁਖ ਉਜਲੇ ਰਖਦਾ ਹੈ। ਹਲਤ ਪਲਤ ਮੁਖ ਉਜਲੇ ਤਿਨ੍ਹਾਂ ਦੇ ਤਾਂ ਰਹਿੰਦੇ ਹਨ, ਕਿਉਂਜੁ ਉਹ ਸਾਰੀ ਉਮਰ ਖਿਨ ਖਿਨ ਸਚੀ ਸਿਫ਼ਤ ਸਲਾਹ ਰੂਪੀ ਸਿਮਰਨ-ਕਮਾਈ ਵਾਲੀ ਕਾਰ ਹੀ ਕਮਾਉਂਦੇ ਰਹਿੰਦੇ ਹਨ ਅਤੇ ਸੱਚੇ ਦੇ ਗੁਣ (ਗੁਰਬਾਣੀ ਗਾਵਣ ਰੂਪੀ) ਸਾਰਾਉਂਦੇ ਸਿਫ਼ਤਾਉਂਦੇ ਰਹਿੰਦੇ ਹਨ। ਯਥਾ ਗੁਰਵਾਕ:—

ਭਗਤ ਜਨਾ ਕਉ ਰਾਖਦਾ, ਆਪਣੀ ਕਿਰਪਾ ਧਾਰਿ ॥
ਹਲਤਿ ਪਲਤਿ ਮੁਖ ਉਜਲੇ, ਸਾਚੇ ਕੇ ਗੁਣ ਸਾਰਿ ॥

[ਸਿਰੀ ਰਾਗੁ ਮ: ੫, ਪੰਨਾ ੪੬

ਗੁਰਮੁਖ ਭਗਤ ਸੰਤ ਜਨਾਂ ਗੁਰ-ਭਾਈਆਂ ਨੂੰ ਪ੍ਰਸਪਰ ਮਿਲ ਕੇ ਸਦਾ ਨਾਮ ਸੰਮਾਲਣ ਦਾ ਇਉਂ ਹੁਕਮ ਹੈ। ਯਥਾ ਗੁਰਵਾਕ :—

ਸੰਤ ਜਨਹੁ ਮਿਲਿ ਭਾਈਹੋ, ਸਚਾ ਨਾਮੁ ਸਮਾਲਿ ॥
ਤੋਸਾ ਬੰਧਹੁ ਜੀਅ ਕਾ, ਐਥੈ ਓਥੈ ਨਾਲਿ ॥

[ਸਿਰੀ ਰਾਗੁ ਮਹਲਾ ੫, ਪੰਨਾ ੪੯

ਇਸ ਗੁਰਵਾਕ ਤੋਂ ਇਹ ਸਚਿਆਈ ਭੀ ਚੀਨੀ ਗਈ ਹੈ ਕਿ ਸੱਚਾ ਨਾਮ ਹੀ ਸੱਚਾ ਤੋਸਾ ਹੈ, ਜੋ ਐਥੇ (ਇਸ ਲੋਕ ਵਿਖੇ) ਉਥੇ (ਉਸ ਅਗਲੇ ਲੋਕ ਵਿਖੇ) ਨਾਲਿ ਨਿਭਣ ਵਾਲਾ ਹੈ। ਹੋਰ ਕਾਈ ਸ਼ੈ ਨਹੀਂ ਜੋ ਐਥੇ ਓਥੇ ਨਾਲਿ ਨਿਭ ਸਕੇ। ਜਿਨ੍ਹਾਂ ਗੁਰਮੁਖ ਜਨਾਂ ਨੂੰ ਸਚੜੇ ਨਾਮ ਦਾ ਅਧਾਰ ਆਇਆ ਹੈ, ਉਹਨਾਂ ਦੀਆਂ ਸਭੇ ਸਾਰੀਆਂ ਭੁਖਾਂ ਐਥੇ ਹੀ ਗਵਾਈਆਂ ਗਈਆਂ ਹਨ ਅਤੇ ਅਗੇ ਚਲ ਕੇ ਭੀ ਤਿਨ੍ਹਾਂ ਨੂੰ ਨਾਮ ਦਾ ਹੀ ਅਧਾਰ ਰਹਿਣਾ ਹੈ। ਨਾਲਿ ਨਿਭਣ ਵਾਲੀ ਹਲਤ-ਪਲਤੀ ਤੱਤ ਵਸਤੂ ਨਾਮ ਹੀ ਹੈ। ਪਰ ਇਹ ਤੱਤ ਵਸਤੂ ਨਾਮ ਦੀ (ਗੁਰਮਤਿ ਨਾਮ ਦੀ) ਤਿਨ੍ਹਾਂ ਨੂੰ ਹੀ ਮਿਲਦੀ ਹੈ ਜਿਨ੍ਹਾਂ ਨੂੰ ਸਚੇ ਸਤਿਗੁਰੂ ਦੀ ਸੱਚੀ ਪ੍ਰਾਪਤੀ ਹੈ। ਗੁਰੂ ਨਾਨਕ ਦਾ ਦਰ ਘਰ ਹੀ ਸੱਚਾ ਸਤਿਗੁਰੂ-ਦੁਆਰਾ ਹੈ। ਹੋਰ ਰਾਧਾ ਸੁਆਮੀ ਆਦਿ ਮਤ ਕੂੜਾਵੇ ਪਰਪੰਚ-ਪਸਾਰੇ ਹੀ ਹਨ, ਜੋ ਆਪੇ ਗੁਰੂ ਬਣਿ ਬਣਿ ਬਹਿੰਦੇ ਹਨ ਤੇ ਫੋਕੀਆਂ ਡੀਂਗਾਂ ਗੁਰੂ ਬਣਨ ਦੀਆਂ ਮਾਰਦੇ ਹਨ। ਇਸ ਸੰਸਾਰ ਵਿਚ ਆਏ ਸੋਈ ਜਨ ਹੀ ਪਰਵਾਨ ਹਨ ਜਿਨ੍ਹਾਂ ਨੂੰ ਗੁਰੂ ਨਾਨਕ ਦਰੋਂ ਘਰੋਂ ਦਰਸਾਈ ਸੱਤਤਾ ਵਾਲਾ ਸੱਚਾ ਸਤਿਗੁਰੂ ਮਿਲਿਆ ਹੈ ਅਤੇ ਸੁਭਾਇ ਹੀ ਮਿਲਿਆ ਹੈ, ਤਿਨ੍ਹਾਂ ਨੂੰ ਗੁਰਦੁਆਰਿਓਂ ਸਚੜਾ ਨਾਮ ਪ੍ਰਾਪਤ ਹੁੰਦਾ ਹੈ। ਨਾਮ ਦੀ ਕਮਾਈ ਕਰਿ ਕਰਿ ਉਹ ਨਾਮ-ਰੰਗਾਂ ਵਿਚ ਰੱਤੇ ਜਾਂਦੇ ਹਨ। ਨਾਮ-ਰੰਗਿ-ਰੱਤਿਆਂ, ਸਚੇ ਸੇਤੀ ਰਤਿਆਂ ਨੂੰ ਹੀ ਹਰਿ ਦਰਗਾਹੇ ਬੈਸਣ ਲਈ ਸੱਚੀ ਜਾਇ ਥਾਇ ਮਿਲਦੀ ਹੈ। ਯਥਾ ਗੁਰਵਾਕ :—

ਆਏ ਸੇ ਪਰਵਾਣੁ ਹਹਿ ਜਿਨ ਗੁਰੁ ਮਿਲਿਆ ਸੁਭਾਇ ॥
ਸਚੇ ਸੇਤੀ ਰਤਿਆ, ਦਰਗਹ ਬੈਸਣੁ ਜਾਇ ॥

[ਸਿਰੀ ਰਾਗੁ ਮ: ੫, ਪੰਨਾ ੫੨

ਬਸ ਹਲਤ ਪਲਤ ਵਿਖੇ, ਐਥੇ ਭੀ ਓਥੇ ਭੀ, ਇਸ ਲੋਕ ਵਿਖੇ ਭੀ ਅਤੇ ਪਰਲੋਕ (ਅਗਲੇ ਲੋਕ) ਵਿਖੇ ਭੀ


www.AKJ.Org

ਸਚੇ ਨਾਮ ਦੁਆਰਾ ਹੀ ਛੁਟਕਾਰਾ ਹੈ। ਸਿਖਾਂ, ਭਾਈਆਂ, ਸੰਤਾਂ ਜਨਾਂ ਨੇ ਇਸ ਗੁਰਮਤਿ ਸਚੀ ਮਤੜੀ ਨੂੰ ਸੱਤ ਕਰ ਮੰਨਿਆ ਹੈ। ਗੁਰਮਤਿ ਨਾਮ ਹੀ ਗੁਰਸਿਖਾਂ ਲਈ ਸੱਚਾ ਤੀਰਥ ਹੈ ਅਤੇ ਗੁਰਮਤਿ ਨਾਮ ਸਲਾਹੁਣਾ ਹੀ ਗੁਰਸਿਖਾਂ ਸੰਤਾਂ ਲਈ ਗੁਰ-ਚਰਨਾਂ ਦੀ ਸੇਵਣਾ ਹੈ। ਯਥਾ ਗੁਰਵਾਕ–

ਸੰਤੁ ਜਨਹੁ ਸੁਣਿ ਭਾਈਹੋ, ਛੂਟਨੁ ਸਾਚੈ ਨਾਇ ॥
ਗੁਰ ਕੇ ਚਰਣ ਸਰੇਵਣੇ, ਤੀਰਥ ਹਰਿ ਕਾ ਨਾਉ ॥
ਆਗੈ ਦਰਗਹਿ ਮੰਨੀਅਹਿ, ਮਿਲੈ ਨਿਥਾਵੇ ਥਾਉ ॥੧॥
[ਸਿਰੀ ਰਾਗੁ ਮਹਲਾ ੫, ਪੰਨਾ ੫੨

ਇਸ ਗੁਰਵਾਕ ਦੁਆਰਾ ਸਪੱਸ਼ਟ ਨਿਰਣੇ ਹੋਇਆ ਕਿ ਸੱਚ ਨਾਇ ਨਿਸਤਾਰਿਆਂ ਨੂੰ ਹੀ (ਜਿਨ੍ਹਾਂ ਦਾ ਨਾਮ ਦੁਆਰਾ ਨਿਸਤਾਰਾ ਹੋਇਆ ਹੈ) ਸੱਚੀ ਦਰਗਾਹ ਅੰਦਰਿ ਢੋਈ ਮਿਲਦੀ ਹੈ। ਸੇਈ ਸੱਚੀ ਦਰਗਾਹ ਅੰਦਰਿ ਮੰਨੇ-ਪਰਮੰਨੇ ਜਾਂਦੇ ਹਨ। ਜਿਨ੍ਹਾਂ ਨਿਮਾਣਿਆਂ ਨਿਤਾਣਿਆਂ ਨਿਥਾਵਿਆਂ ਨੂੰ ਕਿਤੇ ਭੀ ਢੋਈ ਨਹੀਂ ਮਿਲਦੀ ਤਿਨ੍ਹਾਂ ਨੂੰ ਗੁਰਮਤਿ ਨਾਮ ਦੀ ਅਭਿਆਸ ਕਮਾਈ ਦੇ ਤੁਫ਼ੈਲ ਅਗਲੀ ਸੱਚੀ ਦਰਗਾਹ ਵਿਚ ਸੱਚਾ ਸੁਖਾਉ ਮਿਲੇਗਾ, ਜ਼ਰੂਰ ਮਿਲੇਗਾ। ਇਹ ਸਤਿਗੁਰੂ ਪਦ ਪਰਤੀਤਿਆ ਸਚ ਮੁਚ ਉਚਾਰਿਆ ਮਹਾਂਵਾਕ ਹੈ। ਜੋ ਸਾਰਾ ਸਚ ਹੈ ਅਤੇ ਸਦਾ ਸਚ ਹੀ ਵਰਤਦਾ ਹੈ। 'ਆਗੈ' ਅਤੇ 'ਦਰਗਹਿ' ਨਾਉਂ ਦੇ ਕਈ ਅੱਖਰ ਇਕੱਠੇ ਆਉਣ ਕਰਿ "ਆਗੈ ਦਰਗਹਿ" ਇਸ ਬਿਧ ਆਉਣ ਕਰਿ ਮਾਨੋ ਇਸ ਗੁਰਮਤਿ ਤੱਤ ਨਿਸਚੇ ਦੀ ਹੀ ਪ੍ਰੋੜ੍ਹਤਾ ਦਿਵਾਈ ਗਈ ਹੈ ਕਿ ਸੱਚੀ ਦਰਗਾਹ ਅਗਲੇ ਲੋਕ (ਪਰਲੋਕ) ਵਿਚ ਹੈ। ਇਸ ਪਰਲੋਕ ਦੀ ਦਰਗਾਹ ਬਿਨਾਂ ਹੋਰ ਕੋਈ ਸੱਚੀ ਦਰਗਾਹ ਨਹੀਂ। ਇਸ ਲੋਕ ਵਿਖੇ ਜੋ ਦਰਗਾਹਾਂ ਹਨ ਸੋ ਸਭ ਝੂਠੀਆਂ ਦਰਗਾਹਾਂ ਹਨ। ਇਸ ਗੁਰਵਾਕ ਦੇ ਸਚੇ ਚਾਨਣ ਤਲੇ ਉਹ ਲੋਕ ਕਿਤਨੇ ਝੂਠੇ ਤੇ ਬਕਵਾਸੀ ਤੇ ਕਮਲੇ ਹਨ ਜੋ ਮਨ-ਮਤਸਰੀ ਹੋ ਕੇ ਇਹ ਕਹੀ ਜਾਂਦੇ ਹਨ ਕਿ ਜੋ ਕੁਝ ਹੈ ਸੋ ਇਥੇ ਹੀ ਹੈ, ਏਸੇ ਦੁਨੀਆ ਅੰਦਰ ਹੀ ਹੈ। ਅਗੇ ਨਾ ਕੋਈ ਅੱਗਾ ਹੈ ਨਾ ਅਗਲੀ ਦਰਗਾਹ ਹੈ। ਅਗੇ ਨਾ ਕੋਈ ਨਿਆਉਂ-ਨਿਬੇੜਾ ਹੈ ਨਾ ਦੂਤ-ਦੁਤੇੜਾ ਹੈ। ਪਰ ਉਹਨਾਂ ਨੂੰ ਪਤਾ ਲਗੂ ਅਗੇ ਚੱਲ ਕੇ, ਤਿਨ੍ਹਾਂ ਨਾਲ ਕੀ ਵਰਤੇਗੀ। ਉਹ ਕੁਝ ਵਰਤਣ ਵਰਤੇਗੀ ਜੈਸਾ ਕਿ ਅਗਲੇਰੇ ਗੁਰਵਾਕ ਦਾ ਭਾਵ ਹੈ। ਜ਼ਰੂਰ ਵਰਤੇਗੀ, ਸਤਿ ਕਰਿ ਜਾਨਣਾ।

ਸਤਿਗੁਰੁ ਜਿਨੀ ਨ ਸੇਵਿਓ, ਸੇ ਕਿਤੁ ਆਏ ਸੰਸਾਰਿ ॥
ਜਮ ਦਰਿ ਬਧੇ ਮਾਰੀਅਹਿ, ਕੂਕ ਨ ਸੁਣੈ ਪੁਕਾਰ ॥
ਬਿਰਥਾ ਜਨਮ ਗਵਾਇਆ, ਮਰਿ ਜੰਮਹਿ ਵਾਰੋ ਵਾਰ ॥੫॥
[ਸਿਰੀ ਰਾਗੁ ਮ: ੩, ਪੰਨਾ ੬੯

ਇਸ ਗੁਰਵਾਕ ਅੰਦਰ ਇਹ ਸਚਾਈਆਂ ਦਰਸਾਈਆਂ ਗਈਆਂ ਹਨ–(੧)ਕਿ ਜਿਨ੍ਹਾਂ ਨੇ ਸਤਿਗੁਰੂ ਦਾ ਸੱਚਾ ਸਿਖ ਬਣ ਕੇ ਅਤੇ ਸਤਿਗੁਰੂ ਦਾ ਆਗਿਆਕਾਰੀ ਹੋਇ ਕੇ, ਸਤਿਗੁਰੂ ਦੀ ਸਚੀ ਸਿਮਰਨ ਰੂਪੀ ਸੇਵਾ ਭਗਤਿ ਕਮਾਈ ਨਹੀਂ ਕੀਤੀ ਤਿਨ੍ਹਾਂ ਦਾ ਸੰਸਾਰ ਤੇ ਆਉਣਾ ਤੇ ਮਨੁਖਾ ਜੂਨ ਪਾਉਣਾ ਹੀ ਬਿਰਥਾ ਗਿਆ। ਤਿਨ੍ਹਾਂ ਨੇ ਮਨੁੱਖਾ ਜਨਮ ਬਿਰਥਾ ਗੰਵਾਇਆ। (੨) ਤਿਨ੍ਹਾਂ ਨੂੰ ਬਾਰੰਬਾਰ ਆਵਾਗਉਣ (ਜੰਮਣ ਮਰਨ, ਮਰਨ ਜੰਮਣ) ਵਿਚ ਪੈਣਾ ਪਊ। (੩) ਤਿਨ੍ਹਾਂ ਨੂੰ ਹਰਿ ਦਰਗਹਿ ਢੋਈ ਨਹੀਂ ਮਿਲਣੀ। (੪) ਤਿਨ੍ਹਾਂ ਨੂੰ ਜਮਦਰਿ ਅੰਦਰ ਖੁਆਰ ਹੋਣਾ ਪਏਗਾ। ਉਹਨਾਂ ਨੂੰ ਬੰਨ੍ਹ ਕੇ (ਉਹਨਾਂ ਦੀਆਂ ਮੁਸ਼ਕਾਂ ਕਸ ਕੇ) ਜਮਦਰ ਵਿਖੇ ਲੈ ਜਾਇਆ ਜਾਊ, ਜਿਥੇ ਉਹਨਾਂ ਨੂੰ ਐਸੀ ਮਾਰ ਪਵੇਗੀ ਕਿ ਉਹ ਹਾਇ ਤੋਬਾ ਦੀ ਕੂਕ-ਪੁਕਾਰ ਰੋਇ ਰੋਇ ਬਿਲਲਾਇ ਬਿਲਲਾਇ ਕੇ ਕਰਨਗੇ ਤੇ ਦੁਹਾਈਆਂ ਦੇਣਗੇ, ਪਰ ਤਿਨ੍ਹਾਂ ਦੀ ਕੂਕ ਪੁਕਾਰ ਕੋਈ ਨਾ ਸੁਣੇਗਾ। ਜਮ-ਦੁਆਰ ਵਿਖੇ ਮੁਧਕਰਾਂ ਦੀ ਮਾਰ ਪੈਂਦੀ, ਇਸ ਲੋਕ ਵਿਖੇ ਵਸਦੇ ਦਿੱਬ ਦ੍ਰਿਸ਼ਟੇ ਸੰਤ ਜਨਾਂ ਨੇ ਦੇਖੀ ਹੈ।

ਜੀਵਨ-ਮੁਕਤ ਗੁਰੂ-ਘਰ ਦੇ ਅਨਿੰਨ ਸਿਖ ਸੰਤ ਜਨ ਗੁਰਪੁਰ ਨਿਵਾਸੀ ਸੰਤ ਸ਼ਾਮ ਸਿੰਘ ਜੀ ਨੇ ਆਪਣੀ ਲਿਵ ਸਮਾਧੀ ਅੰਦਰ ਪਰਤੱਖ ਦੇਖੇ ਨਜ਼ਾਰੇ ਦਾ ਬਿਰਤਾਂਤ ਨਿਜ ਲੇਖਣੀ ਤੋਂ ਲਿਖ ਕੇ ਵਰਨਣ ਕੀਤਾ ਹੈ, ਜਿਸ ਵਿਚ ਊਠਾਂ ਉਤੇ ਨਰੜ ਕੇ ਲੱਦੇ ਹੋਏ ਕਤਾਰਾਂ ਦੀਆਂ ਕਤਾਰਾਂ ਅਜਿਹੇ ਅਭਾਗਿਆਂ ਦੀਆਂ ਦੇਖੀਆਂ ਹਨ ਜਿਨ੍ਹਾਂ ਤੇ ਮੁਧਕਰਾਂ ਦੁਆਰਾ ਜਮਾਂ ਦੀ ਮਾਰ ਪੈਂਦੀ ਦੇਖੀ ਹੈ ਅਤੇ ਉਹ ਬਿਲਲਾਉਂਦੇ ਤੇ ਕੂਕਦੇ ਕੁਰਲਾਉਂਦੇ ਸੁਣੇ ਹਨ। ਤ੍ਰਾਸਮਾਨ ਹੋ ਕੇ ਸੰਤ ਜੀ ਮਹਾਰਾਜ ਨੇ ਜਦੋਂ ਦੇਵਗਣਾਂ ਤੋਂ ਪੁਛਿਆ ਕਿ ਇਹ ਕਉਣ ਲੋਕ ਹਨ ਜਿਨ੍ਹਾਂ ਤੇ ਅਜਿਹੀ ਮਾਰ ਪੈਂਦੀ ਹੈ ਤਾਂ ਉਹਨਾਂ ਨੂੰ ਦਸਿਆ ਕਿ ਇਹ ਉਹ ਨਿਗੁਰੇ ਨਿਗੋਸਾਏ


www.AKJ.Org

ਪਰਪੰਚੀ ਪਖੰਡੀ ਲੋਗ ਹਨ ਜਿਨ੍ਹਾਂ ਨੇ ਮਾਤ ਲੋਕ ਵਿਖੇ ਜਾਇ ਕੇ ਆਪਣੇ ਆਪ ਨੂੰ ਅਣਹੋਂਦਾ ਗੁਰੂ ਸਦਵਾਇਆ ਅਤੇ ਆਪਣੇ ਨਾਮ ਸੰਗ ਮੁਰੀਦਾਂ ਚੇਲਿਆਂ ਨੂੰ ਕੁਮਾਰਗੇ ਪਾਇਆ । ਸਿਵਾਏ ਆਪਣੇ ਪੈਰ ਪੁਜਾਉਣ ਤੋਂ ਅਤੇ ਚੇਲਿਆਂ ਦੀ ਉਨ ਲਾਹੁਣ ਤੋਂ ਹੋਰ ਕੋਈ ਕਰਮ ਨਹੀਂ ਕਰਵਾਇਆ । ਨਾ ਨਾਮ ਜਪਿਆ ਨਾ ਜਪਾਇਆ । ਨਾਮ ਹੀਣ ਨਕਟ-ਪੰਥੀ ਮੀਣਿਆਂ ਦੀ ਇਹ ਦਸ਼ਾ ਦੇਖ ਕੇ ਸਿਰੀ ਸੰਤ ਜੀ ਮਹਾਰਾਜ ਬੜੇ ਹੀ ਭੈਮਾਨ ਹੋਏ । ਏਹ ਦ੍ਰਿਸ਼ਟਾਂਤ ਆਪਣੀ ਅੱਖੀਂ ਦੇਖਕੇ ਉਹਨਾਂ ਨੇ ਅਗੋ ਨੂੰ ਪ੍ਰਣ ਕਰ ਲਿਆ ਤੇ ਕਿਸੇ ਨੂੰ ਆਪਣੇ ਚਰਨਾਂ ਨੂੰ ਛੂਹਣ ਤਕ ਨਹੀਂ ਦਿਤਾ ।

ਅਸੀਂ ਇਹ ਬਿਰਤਾਂਤ ਸੁਣਾਇ ਕੇ ਅਤੇ ਹੋਰ ਨਿਜ-ਬੀਤੀਆਂ ਨਿਜ ਲੋਇਣੀ ਦ੍ਰਿਸ਼ਟੀਆਂ ਸ਼ਾਹਦੀਆਂ ਦੇ ਦੇ ਕਈ ਇਕ ਭੁਲੜ ਪਰਪੰਚੀਆਂ ਨੂੰ ਆਪਣੇ ਆਪ ਤਾਈਂ ਗੁਰੂ ਸਦਾਉਣੋਂ ਵਰਜਿਆ । ਪਰ ਜਿਨ੍ਹਾਂ ਨੂੰ ਫਿਟਕਾਂ ਵਗੀਆਂ ਹੋਈਆਂ ਹਨ ਉਹ ਕਾਹਨੂੰ ਹਟਾਏ ਹਟਦੇ ਹਨ, ਉਹਨਾਂ ਦੇ ਭਾਗ ਧੁਰ ਮੰਦੇ । ਪਸਰਿਆ ਹੋਇਆ ਪਰਪੰਚ ਉਹਨਾਂ ਦੀ ਅੱਖ ਸਚਾਈ ਵਲੋਂ ਉਘੜਨ ਨਹੀਂ ਦਿੰਦਾ । ਜਿਹੜੇ ਲੋਗ ਏਹਨਾਂ ਗੱਲਾਂ ਨੂੰ ਨਹੀਂ ਮੰਨਦੇ ਉਹਨਾਂ ਦਾ ਆਮ ਇਤਰਾਜ਼ ਇਹ ਹੁੰਦਾ ਹੈ ਕਿ ਪੰਜ-ਭੂਤਕ ਸਰੀਰ ਤਾਂ ਏਥੇ ਹੀ ਰਹਿ ਜਾਂਦਾ ਹੈ, **ਅਗੇ ਜਾ ਕੇ ਮਾਰ ਕਿਸ ਨੂੰ ਪੈਂਦੀ ਹੈ** ? ਏਹ ਸਭ ਗੱਪਾਂ ਹਨ, ਇਉਂ ਕਹਿ ਕੇ ਚਿਤ ਪਰਚਾਉਂਦੇ ਹਨ । ਪਰ ਉਹਨਾਂ ਨੂੰ ਇਹ ਨਹੀਂ ਪਤਾ ਕਿ ਇਸ ਅਸਥੂਲ ਸਰੀਰ ਤੋਂ ਛੁਟ ਇਕ ਹੋਰ ਸੂਖਮ ਸਰੀਰ ਭੀ ਹੈ ਜੋ ਇਹ ਸਰੀਰ (ਅਸਥੂਲ) ਛਡਿਆਂ ਅਗਾਹਾਂ ਜੀਵਾਂ ਦੇ ਨਾਲ ਜਾਂਦਾ ਹੈ । ਦੁਖ ਸੁਖ ਤਾਂ ਸਾਡਾ ਆਤਮੀ ਸੂਖਮ ਸਰੀਰ ਹੀ ਮਹਿਸੂਸ ਕਰਦਾ ਹੈ । ਜੇ ਅਸਥੂਲ ਸਰੀਰ ਕਰੇ ਤਾਂ ਉਹ ਜੀਵ-ਆਤਮਾ ਤੋਂ ਵਿਛੜਿਆ ਹੋਇਆ, ਅਰਥਾਤ ਮੁਰਦਾ ਹੋ ਕੇ ਫੇਰ ਕਿਉਂ ਮਹਿਸੂਸ ਨਹੀਂ ਕਰਦਾ । ਉਸ ਨੂੰ ਚਾਹੇ ਚੀਰੋ ਫਾੜੋ ਅਤੇ ਅਗਨੀ ਵਿਚ ਦਾਹ ਕਰੋ । ਤਾਂ ਤੇ ਸਿਧ ਹੋਇਆ ਕਿ ਜੀਵਦਿਆਂ ਮੋਇਆਂ ਦੁਖ ਸੁਖ ਮੰਨਣ-ਹਾਰਾ ਸਰੀਰ ਹੋਰ ਹੈ, ਇਹ ਅਸਥੂਲੀ ਪਰਕ੍ਰਿਤ ਵਾਲਾ ਸਰੀਰ ਨਹੀਂ । ਮਰਨ ਸਾਰ ਸਰੀਰ ਵਿਚੋਂ ਨਿਰੀ ਫੂਕ ਹੀ ਨਹੀਂ ਨਿਕਲ ਜਾਂਦੀ, ਜਿੰਦ ਨਿਮਾਣੀ ਸੂਖਮ ਸਰੀਰ ਨੂੰ ਨਾਲ ਲੈ ਕੇ ਨਿਕਲਦੀ ਹੈ । ਤੇ ਉਹ ਜਨਮ-ਜਨਮਾਂਤਰਾਂ ਵਿਖੇ ਭਟਕਦੀ ਫਿਰਦੀ ਹੈ ਅਤੇ ਓਹੀ ਜਮ-ਦਰ ਬੱਧੀ ਚੋਟਾਂ ਖਾਂਦੀ ਹੈ । ਪਰਤਿਆ ਕੇ ਜਿਨ੍ਹਾਂ ਨੇ ਦੇਖਣਾ ਹੋਵੇ ਤਾਂ ਦਿਬ ਦਿਸਟੇ, ਸੂਖਮ ਸ੍ਰਿਸ਼ਟੇ ਹੋ ਕੇ ਦੇਖ ਲੈਣ । ਪਰ ਅਨਿੰਨ ਸਿਖਾਂ ਨੂੰ ਏਹਨਾਂ ਖਲਜਗਣਾਂ ਵਿਖੇ ਮਿਥ ਕੇ ਪੈਣ ਦੀ ਕੀ ਲੋੜ ਹੈ ? ਸੁਤੇ ਸਿਧ ਕੋਈ ਚਮਤਕਾਰ ਹੋ ਜਾਏ ਤਾਂ ਹੋ ਜਾਏ । ਨਹੀਂ ਤਾਂ ਏਧਰ ਚਿਤਵਨੀ ਦੇਣ ਦੀ ਰੁਚੀ ਕਰਨੀ ਹੀ ਫ਼ਜ਼ੂਲ ਹੈ । ਜਦ ਕਿ ਗੁਰਮਤਿ ਦਾ ਮੰਨਿਆ-ਪਰਮੰਨਿਆ ਅਟਲ ਅਸੂਲ ਸਾਡੇ ਸਾਹਮਣੇ ਮੌਜੂਦ ਹੈ, ਜੋ ਅਸਾਡੇ ਧੁਰੋਂ ਆਏ ਸਤਿਗੁਰਾਂ ਨੇ ਸ਼ਾਹਦੇ ਹਾਲ ਦੇਖ ਕੇ ਗੁਰਸਿਖਾਂ ਪ੍ਰਤੀ ਗੁਰਬਾਣੀ ਦੁਆਰਾ ਦਰਸਾਇਆ ਦ੍ਰਿੜ੍ਹਾਇਆ ਹੈ । ਸਤਿਗੁਰੂ ਫ਼ੁਰਮਾਉਂਦੇ ਹਨ ਕਿ ਗੁਰੂ ਤੋਂ ਬੇਸੁਖ, ਗੁਰੋ ਦੀਖਿਆ ਅਨ-ਆਗਿਆਕਾਰੀ ਆਕੀ ਪੁਰਸ਼, ਜਮ-ਦਰਿ ਬਧੇ ਮਾਰੀਅਨਗੇ । ਬਸ, ਉਸ ਫ਼ੁਰਮਾਨ ਨੂੰ ਸਤਿ ਸਤਿ ਕਰਕੇ ਮੰਨੋ ਕਿ ਸਚ, ਸਹੀ ਇਹੀ ਹਾਲ ਹੋਵੇਗਾ ਸਤਿਗੁਰੂ ਤੋਂ ਆਕੀ ਮਨਮੁਖੀ ਬੇਮੁਖੀਆਂ ਦਾ, ਜੋ ਸਤਿਗੁਰ ਨੇ ਬਾਣੀ ਅੰਦਰ ਖੋਲ੍ਹ ਕੇ ਦਸਿਆ ਹੈ । ਪਰ ਪਾਜਲ ਬੁਧੀਸ਼ਰਾਂ (ਗਧੇ ਬੁਧੀ ਵਾਲਿਆਂ) ਨੂੰ ਇਹ ਸਭ ਪਾਜ ਹੀ ਜਾਪਦੇ ਹਨ । ਉਹ ਗੁਰਸਿਖੀ ਤੋਂ ਬਹੁਤ ਦੂਰ ਪਰੇਡੇ ਹਨ । ਗੁਰ-ਸਿਖੀ ਦੇ ਨੇੜੇ ਨਹੀਂ ਢੁਕੇ । ਤਿਨ੍ਹਾਂ ਨੂੰ ਗੁਰੂ ਸਚੇ ਪਾਤਸ਼ਾਹ ਦੇ ਧੁਰੋਂ ਆਏ ਫ਼ੁਰਮਾਨਾਂ ਉਤੇ ਪਤੀਜ ਪ੍ਰਤੀਤ ਨਹੀਂ ਆਈ ।

[ਪੁਸਤਕ "ਅਣਡਿਠੀ ਦੁਨੀਆ" ਵਿਚੋਂ

---

**ਪਾਠਕਾਂ ਪ੍ਰਤੀ ਬੇਨਤੀ**—(੧) ਤੁਹਾਡਾ ਚਿਟ ਨੰਬਰ ਹਰ ਮਹੀਨੇ ਐਡਰੇਸ ਦੇ ਨਾਲ ਅਸੀਂ ਲਿਖ ਭੇਜਦੇ ਹਾਂ ।
(੨) ਚਿਠੀ ਪੱਤਰ ਕਰਨ ਸਮੇਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ ।
(੩) ਚੰਦੇ ਦਾ ਮਨੀਆਰਡਰ ਭੇਜਣ ਸਮੇਂ ਹੇਠਲੇ ਕੂਪਨ ਤੇ ਆਪਣਾ ਚਿਟ ਨੰਬਰ ਤੇ ਐਡਰੇਸ ਜ਼ਰੂਰ ਲਿਖੋ ।
(੪) ਜਿਸ ਮਹੀਨੇ ਪਰਚਾ ਡਾਕ ਵਿਚ ਗੁੰਮ ਹੋ ਜਾਵੇ ਉਸੇ ਮਹੀਨੇ ਦੀ ੧੫ ਤਰੀਕ ਤਕ ਕਾਰਡ ਲਿਖ ਦਿਓ । ਬਾਅਦ ਵਿਚ ਪਰਚੇ ਖ਼ਤਮ ਹੋ ਜਾਣ ਕਰਕੇ ਨਾ ਭੇਜ ਸਕਣ ਲਈ ਮਜਬੂਰੀ ਹੁੰਦੀ ਹੈ ।

ਦਾਸ—ਮੈਨੇਜਰ 'ਸੂਰਾ' c/o ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ



www.AKJ.Org

# ਸਤਿਗੁਰ ਨਾਨਕ ਦੇਵ-ਕਰਤਵ ਪਾਲਣ

[ ਵਲੋਂ — ਸ: ਮਹਿੰਦਰ ਸਿੰਘ ਜੀ, ਹੈਪੀ ਨਿਵਾਸ, ਪਟਿਆਲਾ ]

ਕਲਿ ਕਾਤੀ ਰਾਜੇ ਕਾਸਾਈ,
ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ, ਸਚੁ ਚੰਦ੍ਰਮਾ,
ਦੀਸੈ ਨਾਹੀ ਕਹ ਚੜਿਆ ॥
[ਪੰਨਾ ੧੪੫

ਸਮਾਜ ਦੀ ਹਾਲਤ ਇਤਨੀ ਖ਼ਰਾਬ ਹੋ ਗਈ ਸੀ, ਕਿ ਰਾਜੇ ਪਰਜਾ ਨੂੰ ਲੁਟਣ ਲਗ ਗਏ, ਧਰਮ ਦੇ ਰਾਖੇ ਧਰਮ ਦੀ ਆੜ ਵਿਚ ਲੁਟਣ ਲਗ ਗਏ। ਰਿਸ਼ਵਤ, ਭ੍ਰਿਸ਼ਟਾਚਾਰ, ਕੂੜ-ਕੁਸਤ, ਬੇਈਮਾਨੀ ਪ੍ਰਧਾਨ ਹੋ ਗਏ। ਦੁਕਾਨਦਾਰ, ਵਪਾਰੀ, ਡੰਡੀਮਾਰ, ਘਟ ਤੋਲਦੇ, ਮਿਲਾਵਟਾਂ ਕਰਦੇ, ਸ਼ਾਹੂਕਾਰ ਲੋਕਾਂ ਦੀ ਕੁਰਕੀ ਕਰੀ ਜਾਂਦੇ, ਸੂਦ ਦਰ-ਸੂਦ ਦੇ ਚਕਰ ਵਿਚ ਸਾਰਾ ਮਾਲ ਧਨ ਜਾਇਦਾਦ ਹੜੱਪ ਕਰੀ ਜਾਂਦੇ। ਉਪਰੋਂ ਹਮਦਰਦੀ ਜਿਤਾਉਂਦੇ, ਪਰ ਕਿਸੇ ਨੂੰ ਦਿਲੋਂ ਕੋਈ ਹਮਦਰਦੀ ਨਹੀਂ ਸੀ। ਧੋਖਾ ਫ਼ਰੇਬ, ਠਗੀ, ਚਲਾਕੀ, ਹੁਸ਼ਿਆਰੀ, ਮਕਾਰੀ, ਜਾਹਲ-ਸਾਜ਼ੀ ਬਨਾਵਟਾਂ ਦਾ ਬੋਲਬਾਲਾ ਸੀ। ਸ਼ਰਾਫਤ, ਈਮਾਨਦਾਰੀ, ਨੇਕੀ, ਸਚਾਈ, ਮਿਹਨਤ, ਮੁਸ਼ੱਕਤ, ਮਜ਼ਦੂਰੀ ਕਰਨ ਵਾਲੇ ਲੋਕਾਂ ਦਾ ਬੁਰਾ ਹਾਲ ਹੋ ਰਿਹਾ ਸੀ।

ਮਨੁਖ ਆਪਣੇ ਆਪ ਨੂੰ, ਆਪਣੇ ਕਰਤਵ ਨੂੰ, ਆਪਣੇ ਇਸ਼ਟ ਨੂੰ ਤੇ ਮੌਤ ਨੂੰ, ਭੁਲ ਚੁਕਾ ਸੀ। ਮੁਸਲਮਾਨ ਹਕੂਮਤ ਕਰਦੇ ਸਨ, ਹਿੰਦੂਆਂ ਨੂੰ ਕਾਫ਼ਰ ਕਹਿੰਦੇ ਸਨ, ਅਤੇ ਖ਼ਤਮ ਕਰ ਦੇਣਾ ਆਪਣਾ ਧਰਮ ਸਮਝਦੇ ਸਨ। ਮੁਸਲਮਾਨ ਮੱਕੇ ਨੂੰ ਰਬ ਦਾ ਘਰ, ਅਤੇ ਹਿੰਦੂ ਬਨਾਰਸ ਨੂੰ ਪ੍ਰਭੂ ਦਾ ਘਰ ਸਮਝਦੇ, ਉਨ੍ਹਾਂ ਥਾਵਾਂ ਤੇ ਵੀ ਸਚੇ ਨਾਂ ਦੀ ਸੂਝ, ਕਿਸੇ ਨੂੰ ਨਹੀਂ ਸੀ। ਮਨੁਖ ਆਪਣੀਆਂ ਲੋੜਾਂ ਅਤੇ ਲਾਲਚਾਂ ਪਿਛੇ ਇਕ ਦੂਜੇ ਅਗੇ ਝੁਕਦਾ ਫਿਰਦਾ ਸੀ। ਮਨੁਖ ਦੇ ਹਥੋਂ ਮਨੁਖ ਤੰਗ ਹੋ ਰਿਹਾ ਸੀ।

ਅਜਿਹੇ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਪਰਗਟ ਹੋਏ। ਸਤਿਗੁਰੂ ਨਾਨਕ ਦੇਵ ਜੀ, ਸਾਰੇ ਧਰਮਾਂ ਦੇ ਪੂਜ-ਸਥਾਨਾਂ, ਰੱਬ ਦੇ ਘਰਾਂ ਵਿਚ ਉਨ੍ਹਾਂ ਦੇ ਵਿਸ਼ੇਸ਼ ਦਿਨਾਂ ਸਮੇਂ ਗਏ। ਉਥੇ ਉਨ੍ਹਾਂ ਦੇ ਉਪਦੇਸ਼ ਸੁਣੇ ਵੇਖੇ ਕਿ ਨਾਮ ਦੇ ਅਧਾਰ ਤੋਂ ਬਿਨਾਂ, ਮਨੁਖ ਦੀ ਆਤਮਾ ਭੁੱਖੀ, ਖ਼ੁਸ਼ਕ ਰੁਖੀ ਹੈ। ਸਾਰਿਆਂ ਨੂੰ ਉਸ ਅਕਾਲ ਪੁਰਖ ਦੀ ਬੰਦਗੀ ਕਰਨ ਲਈ ਸਾਂਝਾ ਉਪਦੇਸ਼ ਦਿਤਾ। ਇਸ ਸੰਸਾਰ ਤੇ ਕੋਈ ਜੀਵ ਸਦਾ ਨਹੀਂ ਰਹਿੰਦਾ, ਨਾ ਹੀ ਕੋਈ ਸਾਥ ਦੇਂਦਾ ਹੈ, ਕੇਵਲ ਅਕਾਲ-ਪੁਰਖ ਦਾ ਨਾਂ ਹੀ, ਨਾਲ ਸਾਥ ਦੇਂਦਾ ਹੈ। ਕਾਮ, ਕਰੋਧ, ਲੋਭ, ਮੋਹ, ਹੰਕਾਰ, ਨਿੰਦਾ, ਚੁਗਲੀ, ਸਾੜਾ ਦੀਆਂ ਬੁਰਾਈਆਂ ਦਾ ਤਿਆਗ ਕਰਨ ਲਈ ਪ੍ਰੇਰਨਾ, ਅਲੋਕਿਕ ਢੰਗ ਨਾਲ ਦਲੀਲਾਂ ਦੇ ਕੇ ਦਿਤੀ। ਰੱਬ ਕਿਸੇ ਇਕ ਥਾਂ ਤੇ ਬੰਦ ਨਹੀਂ ਹੈ ਸਗੋਂ ਹਰ ਥਾਂ ਤੇ ਹਾਜ਼ਰ ਹੈ। ਗਰੀਬਾਂ ਨਾਲ ਪਿਆਰ ਕਰਨਾ ਸਿਖਾਇਆ। ਮੁਸਲਮਾਨਾਂ ਵਿਚੋਂ ਤਅੱਸਬ ਅਤੇ ਹਿੰਦੂਆਂ ਵਿਚੋਂ ਵਹਿਮ-ਭਰਮ ਕਢੇ। ਨੇਕ ਅਮਲ, ਨੇਕ ਕਮਾਈ ਕਰਨ, ਸਾਦਾ ਰਹਿਣ, ਮਨ ਨੂੰ ਸਵੱਛ ਅਤੇ ਸੁੰਦਰ ਬਣਾ ਕੇ ਨੇਕੀ ਦਾ ਵਰਤਾਰਾ ਕਰਨ ਲਈ ਜ਼ੋਰ ਦਿਤਾ। ਮਨੁਖ ਨੂੰ ਅਣਖ ਨਾਲ ਜੀਉਣ ਦਾ ਢੰਗ ਦਸਿਆ। ਨੇਕ ਇਨਸਾਨ ਦਾ ਕਰਤਵ ਹੈ ਕਿ ਅਕਾਲ ਪੁਰਖ ਦੀ ਬੰਦਗੀ ਕਰੇ, ਮਾਤਾ ਪਿਤਾ ਦੀ ਸੇਵਾ ਕਰੇ, ਸਾਥੀ ਇਨਸਾਨਾਂ ਨਾਲ ਚੰਗਾ ਸਲੂਕ ਕਰੇ, ਗਰੀਬਾਂ ਦੁਖੀਆਂ ਨਾਲ ਹਮਦਰਦੀ ਕਰੇ, ਆਪਣੀ ਸੰਤਾਨ ਨੂੰ ਸੂਝ ਪ੍ਰਦਾਨ ਕਰੇ, ਪਖੰਡਾਂ ਵਹਿਮਾਂ-ਭਰਮਾਂ ਦਾ ਖੰਡਨ ਕਰੇ, ਪਿਆਰ, ਸਬਰ, ਸੰਤੋਖ ਨਾਲ ਜੀਵਨ ਬਤੀਤ ਕਰੇ ਅਤੇ ਦੂਜਿਆਂ ਲਈ ਰੋੜਾ ਨਾ ਬਣੇ, ਕਿਸੇ ਨੂੰ ਨਫ਼ਰਤ ਨਾ ਕਰੇ। ਜਿਸ ਤਰ੍ਹਾਂ ਦੇ ਕਰਮ ਕੀਤੇ ਜਾਣਗੇ ਉਸੇ ਤਰ੍ਹਾਂ ਦਾ ਫਲ ਮਿਲੇਗਾ। ਸਚਾਈ ਤੇ ਜ਼ੋਰ ਦਿਤਾ ਅਤੇ ਪਿਆਰ ਨਾਲ ਰਹਿਣ ਲਈ ਕਿਹਾ —

ਘਾਲਿ ਖਾਇ ਕਿਛੁ ਹਥਹੁ ਦੇਹ।
ਨਾਨਕ ਰਾਹੁ ਪਛਾਣਹਿ ਸੇਇ।
[ਸਾਰੰਗ ਵਾਰ ਮ: ੧, ਪੰਨਾ ੧੨੪੫

# ਕੀਨੋ ਬਡੋ ਕਲੂ ਮਹਿ ਸਾਕਾ

[ ਵਲੋਂ — ਡਾ: ਜਸਵੰਤ ਸਿੰਘ ਜੀ 'ਜਸ', ਐਮ. ਏ, ਪੀ. ਐਚ. ਡੀ. ]

ਸੰਸਾਰ ਵਿਚ ਆਪਣੇ ਧਰਮ ਦੀ ਰਖਿਆ ਖ਼ਾਤਰ ਤਾਂ ਬਹੁਤ ਪੁਰਸ਼ ਸ਼ਹੀਦ ਹੋਏ ਹਨ, ਪਰ ਪਰਾਏ ਧਰਮ ਦੀ ਰਖਿਆ ਖ਼ਾਤਰ ਆਪਾ ਕੁਰਬਾਨ ਕਰਨ ਦੀ ਮਿਸਾਲ ਗੁਰੂ ਤੇਗ ਬਹਾਦਰ ਜੀ ਤੋਂ ਬਿਨਾਂ ਕੋਈ ਨਹੀਂ ਮਿਲਦੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪ ਆਪਣੇ ਪਿਤਾ ਗੁਰੂ ਸ੍ਰੀ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਜ਼ਿਕਰ ਇਉਂ ਕੀਤਾ ਹੈ :—

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ।
ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨਿ ਹੇਤਿ ਇਤੀ ਜਿਨਿ ਕਰੀ।
ਸੀਸੁ ਦੀਆ ਪਰ ਸੀ ਨ ਉਚਰੀ।
ਧਰਮ ਹੇਤ ਸਾਕਾ ਜਿਨਿ ਕੀਆ।
ਸੀਸੁ ਦੀਆ ਪਰ ਸਿਰਰੁ ਨ ਦੀਆ।
(ਬਚਿੱਤ੍ਰ ਨਾਟਕ)

ਸਪੱਸ਼ਟ ਹੈ ਕਿ ਗੁਰੂ ਹਰਿ ਗੋਬਿੰਦ ਸਾਹਿਬ ਤੋਂ ਪਿਛੋਂ ਗੁਰੂ ਹਰਿ ਰਾਇ ਸਾਹਿਬ ਤੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ ਸਮੇਂ ਮੁਗਲ ਹਕੂਮਤ ਨਾਲ ਕੋਈ ਟੱਕਰ ਨਹੀਂ ਸੀ ਹੋਈ। ਗੁਰੂ ਤੇਗ ਬਹਾਦਰ ਜੀ ਨੇ ਆਪਣੀ ਗੁਰਿਆਈ ਦੇ ਸਮੇਂ ਵਿਚ ਮਾਲਵਾ ਦੇਸ਼ ਤੇ ਉੱਤਰੀ ਭਾਰਤ ਦਾ ਦੌਰਾ ਕਰ ਕੇ ਪਹਿਲੇ ਗੁਰੂ ਸਾਹਿਬਾਂ ਦੀ ਬਾਣੀ ਦੁਆਰਾ ਪਰਚਾਰ ਕਰਨ ਵੱਲ ਹੀ ਧਿਆਨ ਦਿਤਾ। ਆਪ ਦੇ ਪਰਚਾਰ ਦੇ ਰਸਤੇ ਵਿਚ ਕੋਈ ਰੁਕਾਵਟ ਨਹੀਂ ਸੀ, ਸਗੋਂ ਕਈ ਰਾਜੇ ਆਪ ਦੀ ਗੋਤਵਤਾ ਨੂੰ ਮੰਨ ਕੇ ਆਪ ਜੀ ਦੇ ਕੀਤੇ ਹੋਏ ਫ਼ੈਸਲਿਆਂ ਅਨੁਸਾਰ ਪ੍ਰਸਪਰ ਲੜਾਈ ਝਗੜੇ ਤੇ ਵਿਰੋਧ ਮਿਟਾ ਦੇਂਦੇ ਸਨ। ਗੁਰੂ ਜੀ ਦੀ ਸ਼ਹੀਦੀ ਦਾ ਕਾਰਨ ਕੇਵਲ ਔਰੰਗਜ਼ੇਬ ਵਲੋਂ ਹਿੰਦੂ ਧਰਮ ਨੂੰ ਮੇਟਣ ਵਾਲੀ ਪਾਲਿਸੀ ਹੀ ਬਣੀ।

ਜਿਵੇਂ ਕਿ ਇਤਿਹਾਸ ਤੋਂ ਪਤਾ ਲੱਗਦਾ ਹੈ, ਬਾਦਸ਼ਾਹ ਔਰੰਗਜ਼ੇਬ ਪਰਹੇਜ਼ਗਾਰੀ ਆਦਿ ਕਈ ਚੰਗੇ ਗੁਣ ਰਖਣ ਦੇ ਬਾਵਜੂਦ ਬੜਾ ਕੱਟੜ ਤੇ ਤਅੱਸਬੀ ਮੁਸਲਮਾਨ ਸੀ ਅਤੇ ਉਸ ਦੇ ਕੱਟੜ ਹੋਣ ਦਾ ਸਿੱਧਾ ਅਸਰ ਹਿੰਦੂ ਜਾਤੀ ਉਤੇ ਪੈ ਰਹਿਆ ਸੀ। ਗੁਰੂ ਸਾਹਿਬਾਨ ਦਾ ਪਰਚਾਰ, ਦਿਖਾਵੇ ਦੀਆਂ ਧਾਰਮਿਕ ਰਸਮਾਂ ਤੇ ਕਰਮ ਕਾਂਡ ਦੇ ਵਿਰੁੱਧ ਸੀ। ਇਹ ਪਰਚਾਰ ਨਿਰੋਲ ਸਚਾਈ ਉਤੇ ਨਿਰਭਰ ਤੇ ਸੁਲਾਹਕੁਲ ਢੰਗ ਦਾ ਸੀ। ਔਰੰਗਜ਼ੇਬ ਨੂੰ ਕਰਮ-ਕਾਂਡੀ ਬ੍ਰਾਹਮਣ ਬੜੇ ਰੜਕਦੇ ਸਨ, ਇਸੇ ਲਈ ਉਸ ਨੇ ਹਿੰਦੂਆਂ ਦੇ ਮੱਥੇ ਤੇ ਲਗੇ ਤਿਲਕਾਂ ਨੂੰ ਮੇਟਣ ਤੇ ਗਲ ਵਿਚ ਪਏ ਹੋਏ ਜੰਞੂਆਂ ਨੂੰ ਸਮੇਟਣ ਲਈ ਇਕ ਤਕੜੀ ਮੁਹਿੰਮ ਭਾਰਤ ਦੇ ਅਡ ਅਡ ਹਿਸਿਆਂ ਵਿਚ ਚਲਾਈ ਹੋਈ ਸੀ। ਜਿਉਂ ਜਿਉਂ ਆਪਣੀ ਇਖ਼ਲਾਕੀ ਕਮਜ਼ੋਰੀ ਕਾਰਨ ਭਾਰਤ ਦੇ ਹਿੰਦੂ ਆਪਣਾ ਧਰਮ ਛਡ ਕੇ ਮੁਸਲਮਾਨ ਬਣਦੇ ਜਾਂਦੇ ਸਨ, ਤਿਉਂ ਤਿਉਂ ਔਰੰਗਜ਼ੇਬ ਦਾ ਹੌਸਲਾ ਵਧਦਾ ਜਾਂਦਾ ਸੀ ਤੇ ਉਹ ਇਸ ਮੁਹਿੰਮ ਨੂੰ ਵਧੇਰੇ ਤੇਜ਼ ਕਰੀ ਜਾ ਰਿਹਾ ਸੀ।

ਇਸ ਸਮੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਆਪਣੇ ਸਰਬ ਸੰਸਾਰਕ ਤੇ ਸਰਬ ਸਾਂਝੇ ਸੁਲਾਹਕੁਲ ਮਿਸ਼ਨ ਲਈ ਆਸਾਮ ਵਿਚ ਗਏ ਹੋਏ ਸਨ। ਜਦ ਉਹਨਾਂ ਨੂੰ ਹਿੰਦੂਆਂ ਉਤੇ ਹੋ ਰਹੇ ਨਿੱਤ ਦੇ ਜ਼ੁਲਮਾਂ ਦੀ ਖ਼ਬਰ ਪੁਜੀ ਤਾਂ ਆਪ ਝਟ ਪਟ ਪੰਜਾਬ ਵਾਪਸ ਆਉਣ ਲਈ ਤਿਆਰ ਹੋ ਗਏ। ਇਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਵਤਾਰ ਪਟਨੇ ਵਿਖੇ ਹੋ ਚੁਕਾ ਸੀ ਤੇ ਪਿਤਾ ਗੁਰੂ ਜੀ ਵਲੋਂ ਪੁਜ ਰਹੀਆਂ ਹਦਾਇਤਾਂ ਦੇ ਮੁਤਾਬਿਕ ਬਾਲਕ ਗੋਬਿੰਦ ਰਾਏ ਜੀ ਨੂੰ ਫ਼ੌਜ-ਕਸ਼ੀ, ਤੀਰ-ਅੰਦਾਜ਼ੀ ਤੇ ਜੰਗੀ ਮਸ਼ਕਾਂ ਆਦਿ ਦੀ ਸਿਖਿਆ ਦਿਤੀ ਜਾ ਰਹੀ ਸੀ।

ਨੌਵੇਂ ਗੁਰੂ ਜੀ ਦੇ ਅਨੰਦਪੁਰ ਪੁਜਣ ਤੇ ਕਸ਼ਮੀਰੀ ਬ੍ਰਾਹਮਣਾਂ ਦੇ ਪ੍ਰਤੀਨਿਧ, ਸਤਿਗੁਰੂ ਜੀ ਪਾਸ ਪੁਜੇ ਤੇ ਹਿੰਦੂ ਧਰਮ ਅਥਵਾ ਤਿਲਕ ਜੰਞੂ ਦੀ ਰਖਿਆ ਲਈ ਸਹਾਇਤਾ ਵਾਸਤੇ ਬੇਨਤੀ ਕੀਤੀ। ਗੁਰੂ ਜੀ ਨੇ ਉਹਨਾਂ ਪੰਡਤਾਂ ਨੂੰ ਕੁਰਬਾਨੀ ਕਰਨ ਲਈ ਪਰੇਰਿਆ, ਪਰ ਉਹਨਾਂ ਦੀ ਅਵਸਥਾ ਇਨੀ ਕਮਜ਼ੋਰ ਹੋ ਚੁਕੀ ਸੀ ਕਿ ਉਹਨਾਂ ਨੇ ਆਪਣੇ ਧਰਮ ਅਥਵਾ ਧਾਰਮਕ ਚਿੰਨ੍ਹਾਂ ਦੀ ਰਖਿਆ ਕਰਨ ਤੋਂ ਅਸਮਰਥਾ ਪਰਗਟ ਕੀਤੀ। ਉਹਨਾਂ ਬ੍ਰਾਹਮਣਾਂ ਨੇ



www.AKJ.Org

ਉਹਨਾਂ ਦੇਵੀ ਦੇਵਤਿਆਂ ਅਥਵਾ ਪੀਰਾਂ ਫ਼ਕੀਰਾਂ ਨੂੰ ਵੀ ਅਜ਼ਮਾ ਲਿਆ ਹੋਇਆ ਸੀ ਜਿਨ੍ਹਾਂ ਦੀ ਪੂਜਾ ਅਰਾਧਨਾ ਉਹ ਸਾਰੀ ਉਮਰ ਕਰਦੇ ਰਹੇ ਸਨ। ਕਿਸੇ ਨੇ ਵੀ ਉਹਨਾਂ ਦੀ ਬਾਉੜੀ ਨਾ ਸੀ ਕੀਤੀ। ਹਾਰ ਹੁੱਟ ਕੇ ਉਹਨਾਂ ਨੇ ਅਨੰਦਪੁਰ ਸ਼ਹਿਰ ਦੀ ਰਾਹ ਫੜੀ ਸੀ। ਗੁਰੂ ਜੀ ਨੇ ਹਿੰਦੂ ਧਰਮ ਉਤੇ ਆਈ ਸਾਰੀ ਸਾੜ੍ਹਸਤੀ ਰੋਕਣ ਦਾ ਇਕੋ ਇਕ ਇਲਾਜ ਕਿਸੇ ਮਹਾਂਪੁਰਸ਼ ਦੀ ਕੁਰਬਾਨੀ ਦਸਿਆ। ਉਹਨਾਂ ਦਾ ਇਸ਼ਾਰਾ ਉਹਨਾਂ ਬ੍ਰਾਹਮਣਾਂ ਵਲ ਸੀ ਜੋ ਆਪਣੀਆਂ ਜ਼ਾਤੀ ਗ਼ਰਜ਼ਾਂ ਪੂਰਨ ਕਰਨ ਖ਼ਾਤਰ ਹਿੰਦੂ ਜਾਤੀ ਵਿਚ ਵਰਣ-ਆਸ਼ਰਮ ਦੀ ਜਾਤੀ ਵੰਡ ਪਾ ਕੇ, ਆਪ ਉਹਨਾਂ ਦੇ ਪੂਜਨੀਕ ਆਗੂ ਤੇ ਮਹਾਂਪੁਰਸ ਬਣੇ ਹੋਏ ਸਨ। ਗੁਰੂ ਜੀ ਦੀ ਇਸ ਤਜਵੀਜ਼ ਤੋਂ ਉਹ ਕਾਇਰ ਹੋ ਚੁਕੇ ਬ੍ਰਾਹਮਣ ਕੰਬ ਗਏ ਤੇ ਉਹਨਾਂ ਨੇ ਗੁਰੂ ਤੇਗ ਬਹਾਦਰ ਜੀ ਪਾਸ ਬੇਨਤੀ ਕੀਤੀ ਕਿ ਉਹ ਆਪ ਹੀ ਆਪਣਾ ਬਲੀਦਾਨ ਦੇ ਕੇ ਤਿਲਕ ਜੰਞੂ ਦੀ ਰਖਿਆ ਕਰਨ। ਸਤਿਗੁਰੂ ਜੀ ਨੂੰ ਇਹਨਾਂ ਧਾਰਮਕ ਆਗੂਆਂ ਦੀਆਂ ਖ਼ੁਦਗਰਜ਼ੀਆਂ ਤੇ ਕਮਜ਼ੋਰੀਆਂ ਉਤੇ ਤਰਸ ਆਇਆ ਅਤੇ ਆਪ ਨੇ ਆਪਣੇ ਸਰੀਰ ਦੀ ਅਹੂਤੀ ਦੇਣ ਦਾ ਫ਼ੈਸਲਾ ਕਰ ਲਿਆ। ਬਾਲਕ ਗੋਬਿੰਦ ਰਾਏ ਜੀ ਇਸ ਸਮੇਂ ਨੌਆਂ ਸਾਲਾਂ ਦੇ ਸਨ। ਉਹਨਾਂ ਨੂੰ ਗੁਰਿਆਈ ਦੀ ਭਾਰੀ ਜ਼ਿਮੇਵਾਰੀ ਸੌਂਪਣ ਤੋਂ ਪਹਿਲਾਂ, ਆਪ ਉਹਨਾਂ ਦੀ ਪਰਖ ਕਰਨੀ ਚਾਹੁੰਦੇ ਸਨ। ਗੁਰੂ ਜੀ ਨੇ ਬ੍ਰਾਹਮਣਾਂ ਦੀ ਨਿਮਾਣੀ ਤੇ ਨਿਤਾਣੀ ਅਵਸਥਾ ਦਾ ਵਰਨਣ ਕਰਦਿਆਂ ਹੋਇਆਂ ਉਹਨਾਂ ਦੇ ਇਸ ਕਸ਼ਟ ਨਿਵਾਰਨ ਦਾ ਇਲਾਜ ਕਿਸੇ ਮਹਾਂਪੁਰਸ਼ ਦੀ ਕੁਰਬਾਨੀ ਦਸਿਆ। ਬਾਲਕ ਗੋਬਿੰਦ ਰਾਇ ਜੀ ਨੇ ਹੱਥ ਜੋੜ ਕੇ ਕਿਹਾ ਕਿ 'ਆਪ ਨਾਲੋਂ ਵਡਾ ਮਹਾਂ ਪੁਰਖ ਹੋਰ ਕੌਣ ਹੋ ਸਕਦਾ ਹੈ ਜੋ ਦੀਨ ਦੁਖੀ ਦਾ ਕਸ਼ਟ ਨਵਿਰਤ ਕਰ ਸਕੇ।'

ਬਸ, ਗੁਰੂ ਜੀ ਨੇ ਸਮਝ ਲਿਆ ਕਿ ਬਾਲਕ ਗੋਬਿੰਦ ਰਾਇ ਜੀ ਗੁਰਿਆਈ ਦਾ ਕੰਮ ਨਿਭਾਉਣ ਦੇ ਹਰ ਤਰ੍ਹਾਂ ਸਮਰੱਥ ਹਨ। ਆਪ ਨੇ ਦਿਲੀ ਜਾਣ ਦੀ ਤਿਆਰੀ ਕਰ ਲਈ ਤੇ ਅਨੇਕ ਲਾਲਚ ਤੇ ਭੈ ਦਿਤੇ ਜਾਣ ਦੇ ਬਾਵਜੂਦ ਆਪ ਨੇ ਔਰੰਗਜ਼ੇਬੀ ਤਲਵਾਰ ਹੇਠ ਆਪਣਾ ਸੀਸ ਦੇਣਾ ਪ੍ਰਵਾਨ ਕੀਤਾ। ਆਪ ਦਾ ਇਹ ਬਲੀਦਾਨ ਹਿੰਦੂ ਜ਼ਾਤੀ ਦੇ ਤਿਲਕ ਜੰਞੂ ਦੀ ਰਾਖੀ ਲਈ ਸੀ। ਜਿਸ ਦਲੇਰੀ, ਨਿਰਭੈਤਾ ਤੇ ਪਰਸੁਆਰਥ ਦੀ ਮਿਸਾਲ ਆਪ ਨੇ ਕਾਇਮ ਕੀਤੀ ਉਸ ਜਿਹੀ ਉਦਾਹਰਣ ਦੁਨੀਆ ਵਿਚ ਮਿਲਣੀ ਮੁਸ਼ਕਲ ਹੈ।

ਗੁਰੂ ਤੇਗ ਬਹਾਦਰ ਜੀ ਦਾ ਅਵਤਾਰ, ਮਾਤਾ ਨਾਨਕੀ ਜੀ ਦੀ ਕੁਖੋਂ ਗੁਰੂ ਕੇ ਮਹਿਲ, ਅੰਮ੍ਰਿਤਸਰ ਵਿਚ ਇਕ ਅਪਰੈਲ ੧੬੨੯ ਈ: ਨੂੰ ਹੋਇਆ। ਆਪ ਗੁਰੂ ਹਰਿਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਸਨ। ਆਪ ਨੇ ਆਪਣੇ ਨਾਨਕੇ, ਬਾਬੇ ਬਕਾਲੇ ਨਗਰ ਵਿਚ ਇਕੀ ਸਾਲਾਂ ਲਈ ਘੋਰ ਤਪੱਸਿਆ ਕੀਤੀ ਅਤੇ ਆਤਮਕ ਬਲ ਨੂੰ ਵਧਾ ਕੇ ਆਉਣ ਵਾਲੇ ਸਮੇਂ ਵਿਚ ਪਰਸੁਆਰਥ ਲਈ ਆਪਣੇ ਆਪ ਨੂੰ ਕੁਰਬਾਨੀ ਲਈ ਤਿਆਰ ਕੀਤਾ।

ਗੁਰੂ ਜੀ ਦੇ ੫੯ ਸ਼ਬਦ ਤੇ ੫੭ ਸਲੋਕ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਮਿਲਦੇ ਹਨ। ਇਹ ਬਾਣੀ ਸ਼ਾਂਤੀ, ਬੇਫ਼ਿਕਰੀ, ਨਿਰਭੈਤਾ ਦਾਤੀ ਹੈ। ਆਪ ਜੀ ਨੇ ਜੋ ਕੁਝ ਕਿਹਾ, ਉਹ ਕਰ ਦਿਖਾਇਆ। ਆਪ ਦਾ ਫ਼ੁਰਮਾਨ ਹੈ :—

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ
ਆਨਿ ॥ ਕਹੁ ਨਾਨਕ ਸੁਨੁ ਰੇ ਮਨਾ, ਗਿਆਨੀ
ਤਾਹਿ ਬਖਾਨਿ ॥੧੬॥ [ਸਲੋਕ ਮ: ੯

ਕਾਹੇ ਰੇ ਬਨ ਖੋਜਨਿ ਜਾਈ ॥ ਸਰਬ ਨਿਵਾਸੀ
ਸਦਾ ਅਲੇਪਾ, ਤੋਹੀ ਸੰਗਿ ਸਮਾਈ ॥੧॥ਰਹਾਉ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ, ਮੁਕਰ ਮਾਹਿ ਜੈਸੇ
ਛਾਈ ॥ ਤੈਸੇ ਹੀ ਹਰਿ ਬਸੇ ਨਿਰੰਤਰਿ, ਘਟਿ ਹੀ
ਖੋਜਹੁ ਭਾਈ ॥ [ਧਨਾਸਰੀ ਮ. ੯, ਪੰਨਾ ੬੮੪

ਹਰਖੁ ਸੋਗੁ ਜਾ ਕੈ ਨਹੀ, ਬੈਰੀ ਮੀਤ ਸਮਾਨਿ ॥ ਕਹੁ
ਨਾਨਕ ਸੁਨੁ ਰੇ ਮਨਾ, ਮੁਕਤ ਤਾਹਿ ਤੈ ਜਾਨਿ ॥੧੫॥

ਆਪ ਜੀ ਨੇ ਉਹ ੫੭ ਸਲੋਕ ਜੋ ਸ੍ਰੀ ਗੁਰੂ ਗਰੰਥ ਸਾਹਿਬ ਦਾ ਭੋਗ ਪੈਣ ਸਮੇਂ ਪੜ੍ਹੇ ਜਾਂਦੇ ਹਨ, ਔਰੰਗਜ਼ੇਬ ਦੀ ਜੇਲ੍ਹ ਵਿਚ ਸ਼ਹੀਦੀ ਪਰਾਪਤ ਕਰਨ ਤੋਂ ਪਹਿਲਾਂ ਉਚਾਰਨ ਕੀਤੇ। ਇਹਨਾਂ ਸਲੋਕਾਂ ਵਿਚ ਆਪ ਨੇ ਆਪਣੇ ਜੀਵਨ-ਤਜਰਬੇ ਅਤੇ ਆਪਣੇ ਫ਼ਲਸਫ਼ੇ ਦਾ ਤੱਤ ਨਚੋੜ ਕੇ ਰਖ ਦਿਤਾ ਹੈ ਅਤੇ ਦੀਨ ਦੁਖੀ ਲਈ ਆਪਾ ਕੁਰਬਾਨ ਕਰਨ ਦਾ ਜਜ਼ਬਾ ਭਰ ਦਿਤਾ ਹੈ। ਦੁਨੀਆਦਾਰੀ ਵਲੋਂ ਨਿਰਮੋਹ ਹੋਇਆਂ ਬਿਨਾਂ ਕੁਰਬਾਨੀ ਨਹੀਂ ਹੋ ਸਕਦੀ। ਆਪ ਨੇ ਜੀਵ ਨੂੰ ਦੁਨੀਆ ਦੇ ਸਾਕਾਂ-ਸਬੰਧੀਆਂ, ਪਦਾਰਥਾਂ ਤੇ ਸੁਖਾਂ ਤੋਂ ਇਕ-ਦਮ ਨਿਰਮੋਹ ਹੋਣ ਦੀ ਪਰੇਰਨਾ ਤੇ

[ਬਾਕੀ ਦੇਖੋ ਸਫ਼ਾ ੧੬ ਦੇ ਹੇਠ]



www.AKJ.Org

# ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ ॥

(ਜਪੁਜੀ ਸਾਹਿਬ)

[ ਵਲੋਂ — ਭਗਤ ਪੂਰਨ ਸਿੰਘ ਜੀ, ਪਿੰਗਲਵਾੜਾ, ਅੰਮ੍ਰਿਤਸਰ ]

## ਸਚਿਕਾਰ ਕਿਵੇਂ ਹੋਈਦਾ ਹੈ ?—

ਜਪੁਜੀ ਸਾਹਿਬ ਦੀ ਪਹਿਲੀ ਪਉੜੀ ਬੜੀ ਹੀ ਕੀਮਤੀ ਹੈ । ਇਸ ਵਿਚ ਸਾਰੀ ਸਿਖ ਫ਼ਿਲਾਸਫ਼ੀ ਦਾ ਨਿਚੋੜ ਮਿਲ ਜਾਂਦਾ ਹੈ । ਮਹਾਰਾਜ ਗੁਰੂ ਨਾਨਕ ਦੇਵ ਜੀ ਪਹਿਲਾਂ ਪ੍ਰਸ਼ਨ ਕਰਦੇ ਹਨ ਕਿ ਸਚਿਆਰ (ਸੱਚ ਵਾਲੇ ਅਰਥਾਤ ਰੱਬ ਵਾਲੇ) ਕਿਵੇਂ ਹੋਵੀਦਾ ਹੈ ਤੇ ਕੂੜ ਦੀ ਦੀਵਾਰ, ਜੋ ਸਾਡੇ ਗਿਰਦੇ ਖੜ੍ਹੀ ਹੈ, ਕਿਵੇਂ ਟੁਟਦੀ ਹੈ ? ਇਸ ਦਾ ਉਤਰ ਉਹ ਇਉਂ ਦਿੰਦੇ ਹਨ—ਰਜ਼ਾਅ ਵਾਲੇ ਪ੍ਰਮਾਤਮਾ ਦੇ ਹੁਕਮ ਵਿਚ ਚਲਣ ਨਾਲ (ਉਸ ਦੀ ਮਰਜ਼ੀ ਅਧੀਨ ਹੋ ਕੇ ਚਲਣ, ਆਤਮ ਸਮਰਪਨ ਕਰਨ ਨਾਲ)। ਅਤੇ ਇਹ ਹੁਕਮ ਆਪਣੇ ਹੀ ਅੰਤਿਸ਼ਕਰਨ ਵਿਚ ਧੁਰ ਤੋਂ ਹੀ ਲਿਖਿਆ ਹੋਇਆ ਹੈ। ਇਹ ਹੁਕਮ ਅੰਦਰ ਹੀ ਲੱਭਦਾ ਹੈ । ਹਰੀ ਰੂਪ ਗੁਰੂ ਦੀ ਅਗਵਾਈ ਵਿਚ ਜੀਵਨ ਨੂੰ ਤੋਰਨਾ ਹੈ ਤੇ ਇਹ ਗੁਰੂ ਕਿਤੇ ਆਸਮਾਨਾਂ ਤੇ ਨਹੀਂ; ਸਾਡੇ ਆਪਣੇ ਹੀ ਅੰਦਰ ਵਸਦਾ ਹੈ । ਰੱਬ ਦਾ ਇਹ ਹੁਕਮ ਰੱਬ ਦੀ ਇਹ ਅਵਾਜ਼ ਮਧਮ ਤਾਂ ਪੈ ਸਕਦੀ ਹੈ, ਪਰ ਬਿਲਕੁਲ ਨਹੀਂ ਜਾਂਦੀ । ਇਸ ਮਧਮ ਹੋਈ ਅਵਾਜ਼ ਨੂੰ ਮੁੜ ਜਗਾਉਣਾ ਹੁੰਦਾ ਹੈ, ਜੋ ਇਕ ਅੰਦਰ ਵਸਦੀ ਜੋਤ ਨੂੰ ਜਗਾਉਣ ਨਾਲ ਹੀ ਹੋਣਾ ਹੁੰਦਾ ਹੈ । ਜਦ ਇਹ ਜੋਤ ਜਗ ਪੈਂਦੀ ਹੈ ਤਾਂ ਅੰਦਰ ਦੀ ਅਵਾਜ਼ ਵੀ ਸਾਫ਼ ਸਾਫ਼ ਸੁਣਾਈ ਦੇਣ ਲਗ ਜਾਂਦੀ ਹੈ ਤੇ ਜੀਵਨ ਸੱਚ ਵਾਲਾ ਹੋ ਜਾਂਦਾ ਹੈ । ਜਿਸ ਮਨੁੱਖ ਨੇ ਆਪਣੇ ਗੁਣ ਅਵਗੁਣ ਵੇਖਣ ਲਈ ਅੰਦਰ ਬੈਠੇ ਰੱਬ ਅਰਥਾਤ ਆਪਣੀ ਹੀ ਆਤਮਾ (ਜ਼ਮੀਰ) ਨੂੰ ਪਹਿਰੇਦਾਰ ਨਹੀਂ ਬਨਾਣਾ ਉਸ ਨੂੰ ਆਪਣਾ ਆਪ ਨਾ ਠੀਕ ਦਿਸਣਾ ਹੈ ਤੇ ਨਾ ਉਸ ਨੇ ਆਪਣੇ ਆਪ ਤੇ ਫ਼ਤਹ ਪਾਉਣੀ ਹੈ । ਜਦੋਂ ਲਾਲਚ ਤੇ ਖ਼ੁਦਗਰਜ਼ੀ ਦੀਆਂ ਖਿਚਾਂ ਉਸ ਨੂੰ ਚਹੁੰ ਪਾਸਿਆਂ ਤੋਂ ਆ ਘੇਰਦੀਆਂ ਹਨ ਤਾਂ ਉਸ ਨੇ ਆਪਣੇ ਅੰਦਰ ਹੀ ਕਮਾਈ ਹੋਈ ਸ਼ਕਤੀ ਨਾਲ, ਆਪਣੀ ਜਗਾਈ ਹੋਈ ਜੋਤ ਨਾਲ ਹੀ ਉਨ੍ਹਾਂ ਤੋਂ ਬਚ ਨਿਕਲਣਾ ਹੁੰਦਾ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਉਤੇ ਫ਼ਤਹ ਆਪਣੀ ਇਸ ਜਗਦੀ ਜੋਤ ਨਾਲ ਹੀ ਪਾਉਣੀ ਹੁੰਦੀ ਹੈ । ਬੁਰਾਈ ਕੋਈ ਵੀ ਹੋਵੇ ਉਹ ਮਨੁੱਖ ਨੂੰ ਇਤਨਾ ਸਮਾਂ ਹੀ ਨਹੀਂ ਦਿੰਦੀ ਕਿ ਉਹ ਇਸ ਦੇ ਹਾਨੀਕਾਰਕ ਫਲਾਂ ਬਾਬਤ ਸੋਚ ਸਕੇ ਜਾਂ ਕਿਸੇ ਗੁਰੂ ਪੀਰ ਦਾ ਮਸ਼ਵਰਾ ਲੈ ਸਕੇ । ਉਸ ਨੇ ਆਪ ਹੀ ਫ਼ੈਸਲਾ ਕਰਨਾ ਹੁੰਦਾ ਹੈ ਤੇ ਤੁਰੰਤ ਕਰਨਾ ਹੁੰਦਾ ਹੈ । ਦੁਨੀਆ ਦੀ ਬਦਨਾਮੀ ਦਾ ਡਰ ਜਾਂ ਕਿਸੇ ਅਗਲੀ ਦੁਨੀਆ ਵਿਚ ਮਿਲਦੀਆਂ ਸਜ਼ਾਵਾਂ ਦਾ ਡਰ ਉਸ ਨੂੰ ਕੁਝ ਸਮੇਂ ਲਈ ਹੀ ਧਰਮ ਦੇ ਰਾਹੇ ਰਖ ਸਕਦੇ ਹਨ। **ਜਿੰਨਾ ਚਿਰ ਉਸ ਦੀ ਆਪਣੀ ਆਤਮਾ ਉਸ ਦੇ ਵਿਚਾਰਾਂ ਤੇ ਅਮਲਾਂ ਉਤੇ ਪਹਿਰੇਦਾਰ ਹੋ ਕੇ ਨਹੀਂ ਬੈਠਦੀ, ਉਹ ਪਾਪ ਦੇ ਗ਼ਲਬੇ ਤੋਂ ਬਚ ਨਹੀਂ ਸਕਦਾ।**

ਪਰ ਪ੍ਰਸ਼ਨ ਇਹ ਹੈ ਕਿ ਰੱਬ ਦੇ ਇਸ ਹੁਕਮ ਨੂੰ ਕੋਈ ਸਮਝੇ ਕਿਵੇਂ ਤੇ ਉਸ ਅਨੁਸਾਰ ਤੁਰੇ ਕਿਵੇਂ ? ਇਹੋ ਪ੍ਰਸ਼ਨ ਰਾਇ ਬੁਲਾਰ ਨੇ ਗੁਰੂ ਨਾਨਕ ਦੇਵ ਜੀ ਨੂੰ ਉਸ ਸਮੇਂ ਕੀਤਾ ਸੀ ਜਦ ਗੁਰੂ ਜੀ ਨੂੰ ਉਨ੍ਹਾਂ ਦੀ ਚੜ੍ਹਦੀ ਜਵਾਨੀ ਵਿਚ ਭਾਈ ਬਾਲੇ ਨਾਲ ਵਾਪਾਰ ਦੇ ਕਿਸੇ ਕੰਮੇ ਲਾਣ ਦੇ ਖਿਆਲ ਨਾਲ ਵੀਹ ਰੁਪਏ ਦੇ ਕੇ ਬਾਹਰ ਭੇਜਿਆ ਗਿਆ ਸੀ ਤੇ ਗੁਰੂ ਨਾਨਕ ਦੇਵ ਜੀ ਨੇ ਰਾਹ ਵਿਚ ਹੀ ਕੁਝ ਭੁਖੇ ਸਾਧੂਆਂ ਨੂੰ ਰੋਟੀ ਖਵਾ ਕੇ ਸਾਰੀ ਰਕਮ ਖ਼ਰਚ ਕਰ ਦਿਤੀ ਸੀ। ਕਾਲੂ ਜੀ ਨੂੰ ਇਸ ਨਾਲ ਬੜਾ ਦੁਖ ਹੋਇਆ ਸੀ। ਉਨ੍ਹਾਂ ਦੀ ਨਜ਼ਰ ਵਿਚ ਇਹ ਧਨ ਨੂੰ ਅਜਾਈਂ ਗਵਾਣਾ ਸੀ ਤੇ ਉਹ ਬੜੇ ਹੀ ਕ੍ਰੋਧ ਵਿਚ ਆ ਗਏ ਸਨ । ਰਾਇ ਬੁਲਾਰ ਨੇ ਕਾਲੂ ਜੀ ਨੂੰ ਤਾਂ ਠੰਢਾ ਕੀਤਾ ਸੀ, ਪਰ ਉਨ੍ਹਾਂ ਦੇ ਆਪਣੇ ਮਨ ਵਿਚ ਵੀ ਇਹ ਤੌਖਲਾ ਸੀ ਕਿ ਗ਼ਰੀਬ ਕਾਲੂ ਜੀ ਦੀ ਦਸਾਂ ਨਹੁੰਆਂ ਦੀ ਕਮਾਈ ਨੂੰ ਬੇਤਹਾਸ਼ਾ ਨਹੀਂ ਵਰਤਿਆ ਜਾਣਾ ਚਾਹੀਦਾ ਸੀ । ਗੁਰੂ ਜੀ ਨੂੰ ਜ਼ਰਾ ਲਾਂਭੇ ਲੈ ਜਾ ਕੇ ਉਹਨਾਂ ਆਪਣਾ ਤੌਖਲਾ ਪ੍ਰਗਟ ਕਰ ਦਿਤਾ ਸੀ । ਗੁਰੂ ਜੀ ਨੇ ਉਤਰ ਦਿਤਾ ਸੀ ਕਿ ਉਹਨਾਂ ਰੁਪਏ ਦੀ ਵਰਤੋਂ ਬੇਤਹਾਸ਼ੇ ਹੋ ਕੇ ਨਹੀਂ



www.AKJ.Org

ਕੀਤੀ ਤੇ ਉਹਨਾਂ ਨੇ ਆਪਣੇ ਅੰਦਰ ਦੀ ਅਵਾਜ਼ ਅਨੁਸਾਰ ਹੀ ਇਉਂ ਕੀਤਾ ਸੀ। ਉਨ੍ਹਾਂ ਨੂੰ ਪਤਾ ਸੀ ਕਿ ਪਿਤਾ ਜੀ ਨੇ ਕਿਸ ਮਿਹਨਤ ਨਾਲ ਇਹ ਰੁਪਿਆ ਬਣਾਇਆ ਹੋਇਆ ਸੀ, ਪਰ ਜਦ ਉਹਨਾਂ ਨੇ ਕੁਝ ਨੇਕ ਤਿਆਗੀ ਸਾਧੂ ਕਈ ਦਿਨਾਂ ਦੇ ਭੁੱਖੇ ਬੈਠੇ ਵੇਖੇ ਤਾਂ ਉਹ ਆਪਣੇ ਪੈਸਿਆਂ ਨੂੰ ਕਿਵੇਂ ਸਾਂਭ ਸਾਂਭ ਰਖਦੇ, ਜਦ ਕਿ ਇਹਨਾਂ ਹੀ ਪੈਸਿਆਂ ਨਾਲ ਸਾਧੂਆਂ ਦਾ ਦੁੱਖ ਨਵਿਰਤ ਹੋ ਸਕਦਾ ਸੀ। ਉਨ੍ਹਾਂ ਦੀ ਜ਼ਮੀਰ, ਉਹਨਾਂ ਦੇ ਅੰਦਰ ਬੈਠਾ ਰੱਬ, ਉਹਨਾਂ ਨੂੰ ਏਸੇ ਰਾਹੇ ਤੋਰਦਾ ਸੀ ਜਿਸ ਰਾਹੇ ਉਹ ਤੁਰੇ ਸਨ। ਤਦੋਂ ਰਾਇ ਬੁਲਾਰ ਨੇ ਗੁਰੂ ਜੀ ਨੂੰ ਪੁਛਿਆ ਸੀ ਕਿ ਜੇ ਅੰਦਰ ਦੀ ਅਵਾਜ਼ ਉਹ ਆਪ ਸੁਣ ਸਕੇ ਸਨ ਤਾਂ ਦੂਜੇ ਕਿਉਂ ਨਹੀਂ ਸੁਣਦੇ ? ਗੁਰੂ ਜੀ ਦਾ ਉਤਰ ਇਹ ਸੀ :—

ਜੋਗੀ ਹੋਵੈ ਜੋਗਵੈ, ਭੋਗੀ ਹੋਵੈ ਖਾਇ ॥ ਤਪੀਆ ਹੋਵੈ ਤਪੁ ਕਰੇ, ਤੀਰਥਿ ਮਲਿ ਮਲਿ ਨਾਇ ॥੧॥ ਤੇਰਾਂ ਸਦੜਾ ਸੁਣੀਜੈ ਭ ਈ, ਜੇ ਕੋ ਬਹੈ ਅਲਾਇ ॥੧॥ਰਹਾਉ॥ ਜੈਸਾ ਬੀਜੈ ਸੋ ਲੁਣੇ, ਜੋ ਖਟੇ ਸੋ ਖਾਇ ॥ ਅਗੈ ਪੁਛ ਨ ਹੋਵਈ ਜੇ ਸਣੁ ਨੀਸਾਣੈ ਜਾਇ ॥੨॥ ਤੈਸੋ ਜੈਸਾ ਕਾਢੀਐ, ਜੈਸੀ ਕਾਰ ਕਮਾਇ ॥ ਜੋ ਦਮੁ ਚਿਤਿ ਨ ਆਵਈ, ਸੋ ਦਮੁ ਬਿਰਥਾ ਜਾਇ ॥੩॥ ਇਹੁ ਤਨੁ ਵੇਚੀ ਬੈ ਕਰੀ, ਜੇ ਕੋ ਲਏ ਵਿਕਾਇ ॥ ਨਾਨਕ ਕੰਮਿ ਨ ਆਵਈ, ਜਿਤੁ ਤਨਿ ਨਾਹੀ ਸਚਾ ਨਾਉ ॥੪॥੫॥੭॥

[ਸੂਹੀ ਮਹਲਾ ੧, ਪੰਨਾ ੭੩੦

ਪਦ ਅਰਥ—ਜੋਗਵੈ—ਯੋਗ ਕਮਾਉਂਦਾ। ਸਦੜਾ—ਅਵਾਜ਼। ਅਲਾਇ—ਜਪੇ, ਯਾਦ ਕਰੇ, ਹਰੀ ਦਾ ਧਿਆਨ ਧਰੇ। ਲੁਣੇ—ਵਢਦਾ ਹੈ। ਨੀਸਾਣੈ—ਪਰਵਾਨਾ। ਕਾਢੀਐ—ਗਿਣਿਆ (ਕਹਿਆ) ਜਾਂਦਾ ਹੈ। ਬਿਰਥਾ—ਨਿਸਫਲ। ਬੈ ਕਰੀ—ਮੁਲ ਲੈ ਕੇ ਦੇ ਦਿਆਂ।

**ਟੀਕਾ**—੧. (ਆਮ ਮਨੁੱਖ ਆਪਣੀ ਹਉਮੈ ਦੀ ਆਵਾਜ਼ ਨੂੰ ਸੁਣਦਾ ਤੇ ਉਸ ਅਨੁਸਾਰ ਚਲਦਾ ਹੈ, ਅੰਦਰ ਬੈਠੇ ਰੱਬ ਦੀ ਆਵਾਜ਼ ਨੂੰ ਕੋਈ ਵਿਰਲਾ ਹੀ ਸੁਣਦਾ ਹੈ) ਯੋਗੀ ਯੋਗ ਕਮਾਉਂਦਾ ਹੈ. ਭੋਗੀ ਭੋਗ ਭੋਗਦਾ ਹੈ।

੨. ਤਪੱਸਵੀ ਤਪ ਕਰਦਾ ਹੈ, (ਤੀਰਥ ਕਰਨ ਵਾਲਾ) ਤੀਰਥਾਂ ਤੇ ਮਲ ਮਲ ਇਸ਼ਨਾਨ ਕਰਦਾ ਹੈ (ਯੋਗੀ, ਭੋਗੀ) ਤਪੱਸਵੀ ਤੇ ਤੀਰਥ-ਇਸ਼ਨਾਨੀ ਆਦਿਕ ਆਪਣੀ ਹਉਮੈ ਨੂੰ ਆਪਣੇ ਨਾਲ ਹੀ ਲਈ ਫਿਰਦੇ ਹਨ ॥੧॥

੩. ਪਰ, ਹੇ ਪਿਆਰੇ, ਹਰ ਕੋਈ ਅੰਤਰ-ਆਤਮੇ ਉਸ ਹਰੀ ਦੀ ਅਵਾਜ਼ ਨੂੰ ਵੀ ਸੁਣ ਸਕਦਾ ਹੈ, ਜੇ ਉਹ ਬੈਠ ਕੇ (ਟਿਕ ਕੇ) ਹਰੀ ਨੂੰ ਯਾਦ ਕਰੇ ॥੧॥ਰਹਾਉ॥

੪. (ਨਹੀਂ ਤਾਂ) ਜੋ ਕੁਝ ਕੋਈ ਬੀਜਦਾ ਹੈ, ਉਹ ਕੁਝ ਉਹ ਵਢਦਾ ਹੈ; ਜੋ ਕੁਝ ਕਮਾਈ ਕੋਈ ਕਰਦਾ ਹੈ, ਉਹੀ ਉਹ ਖਾਂਦਾ ਹੈ।

੫. ਪਰ ਯਾਦ ਰਖੋ ਜਿਹੜਾ ਪੁਰਸ਼ ਨਾਮ ਰੂਪ ਪਰਵਾਨਾ ਲੈ ਕੇ ਜਾਂਦਾ ਹੈ ਕੇਵਲ ਉਸ ਨੂੰ ਹੀ ਦਰਗਾਹ ਵਿਚ ਲੇਖਾ ਦੇਣਾ ਨਹੀਂ ਪੈਂਦਾ ॥੨॥

੬. ਜੈਸੀ ਕੋਈ ਕਾਰ ਕਰਦਾ ਹੈ, ਉਸ ਅਨੁਸਾਰ ਹੀ ਉਸ ਨੂੰ (ਦਰਗਾਰ ਵਿਚ) ਚੰਗਾ ਜਾਂ ਮੰਦਾ ਨਾਮ ਦਿਤਾ ਜਾਂਦਾ ਹੈ।

੭. (ਇਹ ਸਚਾਈ ਸਭ ਨੂੰ ਯਾਦ ਰਖਣੀ ਚਾਹੀਦੀ ਹੈ ਕਿ) ਜੋ ਸਵਾਸ ਸਿਮਰਨ ਬਿਨਾਂ ਜਾਂਦਾ ਹੈ, ਉਹ ਸੁਆਸ ਨਿਸਫਲ ਹੀ ਜਾਂਦਾ ਹੈ ॥੩॥

੮. ਇਹ ਸਰੀਰ ਮੈਂ ਵੇਚ ਦੇਵਾਂ, ਬੈ ਕਰ ਦੇਵਾਂ, ਜੇ ਕੋਈ ਇਸ ਨੂੰ ਨਾਮ ਦੇ ਬਦਲੇ ਖ਼ਰੀਦਣ ਵਾਲਾ ਹੋਵੇ।

੯. ਕਿਉਂਕਿ, ਹੇ ਨਾਨਕ, ਮੈਂ ਸਮਝਦਾ ਹਾਂ ਕਿ ਉਹ ਸਰੀਰ ਕਿਸੇ ਕੰਮ ਨਹੀਂ ਹੈ ਜਿਸ ਅੰਦਰ ਸੱਚਾ ਨਾਮ ਨਹੀਂ ਹੈ ॥੪॥੫॥੭॥

ਸ਼ਬਦ ਵਿਚ ਸਮਝਾਇਆ ਗਿਆ ਹੈ ਕਿ ਹਉਮੈ ਦਾ ਪ੍ਰਭਾਵ ਐਸਾ ਹੈ ਕਿ ਇਹ ਹਰੀ ਦੀ ਅਵਾਜ਼ ਸੁਨਣ ਦੇ ਰਾਹ ਵਿਚ ਰੋਕ ਬਣ ਖਲੋਂਦੀ ਹੈ। ਆਮ ਮਨੁੱਖ ਤਾਂ ਭਲਾ ਅਸਾਨੀ ਨਾਲ ਹਉਮੈ ਦੇ ਪ੍ਰਭਾਵ ਹੇਠ ਆ ਜਾਂਦੇ ਹਨ, ਉਹਨਾਂ ਮਨੁੱਖਾਂ ਨੂੰ ਵੀ ਜੋ ਪਰਮਾਰਥ ਦੇ ਰਾਹ ਤੇ ਤੁਰਨ ਦਾ ਯਤਨ ਕਰਦੇ ਹਨ, ਇਹ ਚੁਪ ਕੀਤੇ ਹੀ ਉਹਨਾਂ ਦੇ ਅੰਦਰ ਵੜ ਕੇ ਉਹਨਾਂ ਨੂੰ ਨਿਸ਼ਾਨਿਓਂ ਡੇਗ ਦਿੰਦੀ ਹੈ ਤੇ ਜੀਵਨ ਦੇ ਹਰ ਘੇਰੇ ਵਿਚ ਹੀ ਇਸ ਦਾ ਜਾਲ ਵਿਛਿਆ ਹੋਇਆ ਹੈ :—

ਤੀਰਥਿ ਜਾਉ ਤ ਹਉ ਹਉ ਕਰਤੇ ॥

(ਪੰਨਾ ੩੮੫)


www.AKJ.Org

ਪਰ ਜੋ ਮਨੁੱਖ ਨਾਮ ਦੁਆਰਾ ਆਪਣੇ ਅੰਦਰ ਟਿਕ ਕੇ, ਆਪਣੇ ਮਨ, ਆਤਮਾ ਦੇ ਦਰਵਾਜ਼ੇ ਪਰਮਾਤਮਾ ਤਾਈਂ ਖੋਲ੍ਹ ਦਿੰਦਾ ਹੈ ਤੇ ਆਪਣੇ ਆਪ ਨੂੰ, ਆਪਣੀ ਹਉਮੈ ਨੂੰ ਉਕਾ ਹੀ ਵਿਚੋਂ ਕੱਢ ਦਿੰਦਾ ਹੈ, ਉਸ ਨੂੰ ਰੱਬ ਦੀ ਅਵਾਜ਼ ਸੁਣਾਈ ਦਿੰਦੀ ਹੈ। ਹੁਕਮ ਨੂੰ ਉਹ ਹੀ ਬੁਝਦਾ ਹੈ ਜਿਸ ਦੀ ਹਉਮੈ ਨਹੀਂ ਰਹਿੰਦੀ :–

ਹਉਮੈ ਬੂਝੈ ਤਾ ਦਰੁ ਸੂਝੈ ॥ [ਆਸਾ ਦੀ ਵਾਰ

ਅਰਥਾਤ–"ਜਦੋਂ ਹਉਮੈ ਦੀ ਅਗਨੀ ਬੁਝ ਜਾਂਦੀ ਹੈ ਤਾਂ ਹੀ ਹਰੀ ਦਾ ਦਰ ਲਭਦਾ ਹੈ।"

ਸ਼ਬਦ ਦਾ ਨਿਚੋੜ ਰਹਾਉ ਦੀ ਤੁਕ ਵਿਚ ਹੈ, ਜਿਸ ਨੂੰ ਅਸੀਂ ਵਖਰਾ ਕਰਕੇ ਵੀ ਦੇਣਾ ਚਾਹੁੰਦੇ ਹਾਂ। ਤੁਕ ਇਹ ਹੈ :–

**ਤੇਰਾ ਸਦੜਾ ਸੁਣੀਜੈ ਭਾਈ, ਜੇ ਕੋ ਬਹੈ ਅਲਾਇ ॥**

ਅਰਥਾਤ–"ਹਰ ਇਨਸਾਨ ਲਈ ਪ੍ਰਮਾਤਮਾ ਦੇ ਸੱਦੇ ਸਮੇਂ ਸਮੇਂ ਆਂਵਦੇ ਰਹਿੰਦੇ ਹਨ ਤੇ ਹਰ ਕੋਈ ਇਨ੍ਹਾਂ ਨੂੰ ਸੁਣ ਸਕਦਾ ਹੈ ਜੇ ਉਹ ਨੇਕ ਨੀਅਤੀ ਨਾਲ ਹਰੀ ਨੂੰ ਚੇਤੇ ਕਰੇ।"

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਸ਼ਬਦ ਦੀ ਮਹਾਨਤਾ ਹਰ ਮਨੁੱਖ ਲਈ ਹੈ। ਹਰੀ ਦੀ ਅਵਾਜ਼ ਨੂੰ ਸੁਣਦਾ ਕੋਈ ਉਹੀ ਹੈ ਜਿਸ ਨੇ ਯੋਗਤਾ ਪ੍ਰਾਪਤ ਕੀਤੀ ਹੋਵੇ, ਜੋ ਆਪਣੇ ਆਪ ਨੂੰ ਪ੍ਰਮਾਤਮਾ ਦੇ ਹਵਾਲੇ ਕਰ ਦੇਵੇ, ਜੋ ਉਸ ਦਾ ਹੁਕਮੀ ਸੇਵਕ ਹੋ ਜਾਵੇ। ਇਹ ਸ਼ਬਦ ਰਹਿੰਦੀ ਦੁਨੀਆ ਤਕ ਹੋਸ਼ ਸੰਭਾਲਣ ਵਾਲੇ ਸੰਸਾਰ ਦੇ ਹਰ ਗਭਰੂ ਨੂੰ ਝੰਜੋੜਦਾ ਰਹੇਗਾ ਕਿ ਉਹ ਇਸ ਗੱਲ ਦਾ ਪਤਾ ਕਰੇ ਕਿ ਸਮੇਂ ਦੇ ਹਾਲਾਤ ਉਸ ਪਾਸੋਂ ਕੀ ਮੰਗ ਕਰ ਰਹੇ ਹਨ ਤੇ ਉਹ ਉਸ ਮੰਗ ਨੂੰ ਪੂਰਾ ਕਰਨ ਲਈ ਤਿਆਰ ਹੈ ਜਾਂ ਨਹੀਂ, ਭਾਵੇਂ ਉਸ ਨੂੰ ਕਿੰਨੀਆਂ ਮੁਸ਼ਕਲਾਂ ਚੋਂ ਲੰਘਣਾ ਪਏ। ਜਿੰਨਾ ਚਿਰ ਉਹ ਆਪਣੀਆਂ ਗਰਜ਼ਾਂ ਤੋਂ ਉਤਾਂਹ ਨਹੀਂ ਉਠਦਾ ਉਹ ਠੀਕ ਅਗਵਾਈ ਨਹੀਂ ਲੈ ਸਕਦਾ।

---

**ਲੇਖਕਾਂ ਪਾਸ ਜੋਦੜੀ**–ਲੇਖਕ ਸਜਨਾਂ ਪਾਸ ਸਨਿਮਰ ਬੇਨਤੀ ਹੈ ਕਿ ਉਹ ਗੁਰਬਾਣੀ ਦੀਆਂ ਤੁਕਾਂ, ਗੁਟਕੇ ਜਾਂ ਪੋਥੀ ਨਾਲ ਲਗ-ਮਾਤਰ ਤਕ ਸੋਧ ਕੇ ਭੇਜਣ। ਸੁਧਾਈ ਦੀ ਘਾਟ ਕਰਕੇ ਕਈ ਵਾਰ ਲੇਖ ਛਪਣੋਂ ਰਹਿ ਜਾਂਦੇ ਹਨ। ਪ੍ਰਾਰਥਕ–ਸੰਪਾਦਕ

# ਬਾਨੀ ਗੁਰੂ ਕੀ

[ ਪ੍ਰਿੰਸੀਪਲ ਹਰਿਭਜਨ ਸਿੰਘ ਜੀ, ਅੰਮ੍ਰਿਤਸਰ ]

ਹੈਰਾਂ ੳ ਸ਼ਸਦਰ ਹੈ ਸਾਰਾ ਜ਼ਮਾਨਾ,
ਅਜਬ ਫ਼ਲਸਫ਼ਾ ਹੈ, ਯਿਹ ਬਾਨੀ ਗੁਰੂ ਕੀ।

ਹੈ ਦੁਨੀਆ ਕੀ ਕਲਿਆਨ, ਗੁਰ ਕੇ ਸ਼ਬਦ ਮੇਂ,
ਹੈ ਜਾਂ-ਬਖ਼ਸ਼ ਅੰਮ੍ਰਿਤ, ਯਿਹ ਬਾਨੀ ਗੁਰੂ ਕੀ।

ਯਿਹ ਵਹਦਤ ਕਾ ਚਸ਼ਮਾ ਹੈ, ਨਾਨਕ-ਫ਼ਜ਼ਲ ਸੇ,
ਪੀਓ ਵ ਪਿਲਾਓ, ਯਿਹ ਬਾਨੀ ਗੁਰੂ ਕੀ।

ਯਿਹ ਅਜ਼ਲੀ ਹੈ ਬਾਨੀ, ਯਿਹ ਧੁਰ ਸੇ ਹੈ ਆਈ,
ਮਾਰੇ ਨਫ਼ਸ ਕੋ, ਯਿਹ ਬਾਨੀ ਗੁਰੂ ਕੀ।

ਨਹੀਂ ਇਸ ਸੇ ਬੇਹਤਰ ਕੁਈ ਜੀਵਨ ਕਾ ਨੁਸਖ਼ਾ,
ਪੜ੍ਹੋ-ਵ-ਪੜ੍ਹਾਓ, ਯਿਹ ਬਾਨੀ ਗੁਰੂ ਕੀ।

ਬਨਾਏਗੀ ਇਖ਼ਲਾਕ, ਸਭ ਸੇ ਯਿਹ ਆਲ੍ਹਾ,
ਕੋਈ ਦਿਲ ਸੇ ਗਾਏ, ਯਿਹ ਬਾਨੀ ਗੁਰੂ ਕੀ।

ਯੇਹ ਦੇਸ਼ੋਂ ਕੇ ਝਗੜੇ, ਯਿਹ ਨਸਲੋਂ ਕੀ ਬਾਤੇਂ,
ਮਿਟਾਏਗੀ ਆਖ਼ਰ, ਯਿਹ ਬਾਨੀ ਗੁਰੂ ਕੀ।

ਜੋ ਇਨਸਾਂ ਕਾ ਇਨਸਾਂ ਸੇ ਰਿਸ਼ਤਾ ਹਕੀਕੀ,
ਵੁਹ ਕਾਇਮ ਕਰੇਗੀ, ਯਿਹ ਬਾਨੀ ਗੁਰੂ ਕੀ।

ਬਨਤਾ ਹੈ ਇਨਸਾਨ ਪੈਹਮ ਅਮਲ ਸੇ,
ਕਮਾਓ, ਕਮਾਓ ਯਿਹ ਬਾਨੀ ਗੁਰੂ ਕੀ।

ਕਹਾਂ ਕੁਈ ਕਾਇਰ ਨਿਕੋ ਇਸ ਸੇ ਅਵਲ ?
ਜਪੋ-ਵ-ਜਪਾਓ, ਯਿਹ ਬਾਨੀ ਗੁਰੂ ਕੀ।

---

[ਸਫ਼ਾ ੧੩ ਦੀ ਬਾਕੀ]

ਵਾਹਿਗੁਰੂ ਦੇ ਸਿਮਰਨ ਵਿਚ ਨਿਮਗਨ ਹੋਣ ਦੀ ਜ਼ਬਰਦਸਤ ਤਾਕੀਦ ਕੀਤੀ ਹੈ।

ਗੁਰੂ ਤੇਗ ਬਹਾਦਰ ਜੀ ਸੰਸਾਰ ਦੇ ਸ਼ਹੀਦਾਂ ਦੀ ਕਤਾਰ ਵਿਚ ਇਸ ਵਾਸਤੇ ਮੋਹਰੇ ਖਲੋਤੇ ਦਿਸਦੇ ਹਨ ਕਿਉਂਕਿ ਆਪ ਨੇ ਦੀਨਾਂ, ਗਰੀਬਾਂ, ਨਿਮਾਣਿਆਂ ਤੇ ਲਤਾੜਿਆਂ ਦੀ ਰਖਿਆ ਖ਼ਾਤਰ, ਪਰਾਈ ਭੀੜਾ ਆਪਣੇ ਉਤੇ ਲੈ ਕੇ ਸ਼ਹਾਦਤ ਦਿਤੀ, ਜਿਸ ਲਈ ਸਾਰਾ ਭਾਰਤ ਤੇ ਖ਼ਾਸ ਕਰਕੇ ਹਿੰਦੂ ਜਾਤੀ ਆਪ ਦੀ ਸਦਾ ਰਿਣੀ ਰਹੇਗੀ।

www.AKJ.Org

# ਸਿਖ ਧਰਮ ਤੇ ਮਾਸ ਸ਼ਰਾਬ (੩)

## ਗੁਰ-ਇਤਿਹਾਸ ਵਿਚ ਮਾਸ ਨਿਸ਼ੇਧ

[ ਵਲੋਂ — ਜੇ. ਪੀ. ਸੰਗਤ ਸਿੰਘ ਜੀ, ੭੫/੩, ਮੁਲੁੰਡ ਕਾਲੋਨੀ, ਬੰਬਈ-੮੨ ]

**ਸ੍ਰੀ ਗੁਰੂ ਅਰਜਨ ਦੇਵ ਜੀ—**

**ਗ਼ਜ਼ਨੀ ਨਿਵਾਸੀ ਭਾ: ਤਿਲੋਕੇ ਦੀ ਸਾਖੀ**

ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਪਾਤਿਸ਼ਾਹ ਦਾ ਇਕ ਅਨਿੰਨ ਸ਼ਰਧਾਲੂ ਤੇ ਆਗਿਆ-ਪਾਲਕ ਸਿਖ ਸੀ ਗ਼ਜ਼ਨੀ ਨਿਵਾਸੀ ਭਾ: ਤਿਲੋਕਾ ਜੀ, ਜਿਹੜਾ ਕਿ ਗ਼ਜ਼ਨੀ ਪਠਾਣ ਸ਼ਾਸਕ ਦਾ ਅੰਗ-ਰਖਸ਼ਕ ਸੀ। ਭਾ: ਤਿਲੋਕਾ ਇਕ ਵੇਰ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ ਤੇ ਬੇਨਤੀ ਕੀਤੀ :—

ਸਿਰੀ ਸਤਿਗੁਰ ਇਕ ਦਿਨ ਥਿਰੇ,
ਸੰਗਤ ਦਰਸ਼ਨ, ਆਇ।
ਸਿਖ ਤਿਲੋਕਾ ਨਾਮ ਜਿਸ,
ਚਰਨ ਕਮਲ ਸਿਰ ਲਾਇ।
ਹਾਥ ਜੋੜ ਤਿਸ ਅਰਜ਼ ਗੁਜ਼ਾਰੀ।
ਮੈ ਆਇਓ ਪ੍ਰਭੁ ਸਰਨ ਤੁਮਾਰੀ।
ਅਸ ਮੁਝ ਕੋ ਦਿਜਹਿ ਉਪਦੇਸ਼।
ਸੁਨਤ ਕਮਾਵਤ ਮਿਟਹਿ ਕਲੇਸ਼।
ਸੁਨ ਸਤਿਗੁਰ ਕਰਿ ਦਯਾ ਸੁਨਾਈ।
ਸਤਿਗੁਰੂ ਸੋਂ ਰਹੁ ਲਿਵਲਾਈ।
— — —
ਰਹੁ ਅਹਿੰਸਾ, ਸਭ ਪਰ ਕਰ ਦਯਾ।
ਕਿਸ ਕੋ ਨਹੀ ਦੁਖਾਵਤ ਹੀਯਾ।
— — —

(ਸੂਰਜ ਪ੍ਰਕਾਸ਼ ਰਾਸ ੩, ਅੰਸ ੫੦)

ਭਾ: ਤਿਲੋਕਾ ਉਪਦੇਸ਼ ਲੈ ਕੇ ਗ਼ਜ਼ਨੀ ਚਲਾ ਗਿਆ ਤੇ ਆਪਣੀ ਨੌਕਰੀ ਤੇ ਹਾਜ਼ਰ ਹੋ ਗਿਆ। ਇਕ ਦਿਨ ਪਠਾਣ ਹਾਕਮ ਸ਼ਿਕਾਰ ਚੜ੍ਹਿਆ। ਭਾ: ਤਿਲੋਕਾ ਨਾਲ ਸੀ। ਸਾਹਮਣਿਓਂ ਇਕ ਹਿਰਨੀ ਨਿਕਲੀ। ਭਾ: ਤਿਲੋਕੇ ਨੇ ਨਿਸ਼ਾਨਾ ਸੇਧਿਆ, ਪਰ ਚੁੰਗੀਆਂ ਭਰਦੀ ਇਸ ਦੇ ਕੋਲ ਦੀ ਲੰਘਣ ਲਗੀ ਤਾਂ ਇਸ ਨੇ ਤਲਵਾਰ ਨਾਲ ਉਸ ਨੂੰ ਥਾਇ ਰਖਿਆ। ਹਿਰਨੀ ਗਰਭਵਤੀ ਸੀ। ਉਸ ਦੇ ਪੇਟ ਚੋਂ ਦੋ ਬੱਚੇ ਬਾਹਰ ਆ ਡਿੱਗੇ। ਤੇ ਤੜਫ ਤੜਫ ਕੇ ਠੰਢੇ ਹੋ ਗਏ। ਭਾ: ਤਿਲੋਕੇ ਨੂੰ ਇਹ ਵੇਖ ਸਤਿਗੁਰੂ ਜੀ ਦਾ ਉਪਦੇਸ਼ ਚੇਤੇ ਆ ਗਿਆ—"ਰਹੁ ਅਹਿੰਸਾ, ਸਭ ਪਰ ਕਰ ਦਯਾ" ਤੇ ਆਪਣੇ ਆਪ ਨੂੰ ਗੁਰੂ-ਹੁਕਮ ਦੀ ਅਦੂਲੀ ਕਰਨ ਵਾਲਾ ਗੁਨਾਹਗਾਰ ਸਮਝਣ ਲਗਾ। ਲਗਾ ਪਸਚਾਤਾਪ ਵਿਚ ਗੁਰੂ-ਚਰਨਾਂ ਵਿਚ ਅਰਦਾਸਾਂ ਕਰਨ ਤੇ ਭੁਲਾਂ ਬਖਸ਼ਾਉਣ। ਅੰਤ ਇਹ ਫ਼ੈਸਲਾ ਕਰ ਲਿਆ ਕਿ ਕਿਉਂ ਨ ਲੋਹੇ ਦੀ ਕ੍ਰਿਪਾਨ ਦੀ ਥਾਂ ਲਕੜ ਦੀ ਕ੍ਰਿਪਾਨ ਹੀ ਪਾ ਲਈਏ। ਨਾ ਕੋਲ ਕ੍ਰਿਪਾਨ ਹੋਵੇ ਨਾ ਕਿਸੇ ਤੇ ਜ਼ੁਲਮ ਹੋ ਸਕੇ। ਸੋ ਲਕੜ ਦੀ ਤਲਵਾਰ ਬਣਾ ਕੇ ਲੋਹੇ ਵਾਲੀ ਦੀ ਥਾਂ ਗਲ ਪਾ ਲਈ। ਕੁਝ ਸਮਾਂ ਪਾ ਕੇ ਕਿਸੇ ਨੇ ਮੁਗ਼ਲ ਹਾਕਮ ਨੂੰ ਸ਼ਿਕਾਇਤ ਕਰ ਦਿਤੀ। ਜਿਸ ਦੇ ਫਲ ਸਰੂਪ ਹਾਕਮ ਨੇ ਇਕ ਦਿਨ ਸਭ ਸਿਪਾਹੀਆਂ ਤੇ ਅੰਗ-ਰਕਸ਼ਾਂ ਨੂੰ ਆਪੋ ਆਪਣੀਆਂ ਤਲਵਾਰਾਂ ਵਿਖਾਣ ਦਾ ਫ਼ੁਰਮਾਨ ਜਾਰੀ ਕਰ ਦਿਤਾ।

ਪੁਨਹ ਕਰੀ ਸਭ ਸੁਭਟ ਕ੍ਰਿਪਾਨ।
ਕਰਹੁ ਦਿਖਾਵਨ ਅਲਪ ਮਹਾਨ।
ਸੁਨਤ ਮੁਗਲ ਤੇ ਡਰਤ ਤਿਲੋਕੇ।
ਕਹੈ ਕਹਾਂ ਮਮ ਖੜਗ ਬਿਲੋਕੇ।
ਤਬ ਸਤਿਗੁਰ ਉਹ ਸਿਮਰਨ ਕਰੈ।
ਮੈ ਉਪਦੇਸ ਆਪ ਕੋ ਧਰੈ।
ਰਹੁ ਅਹਿੰਸਾ, ਤਜੀ ਤਰਵਾਰਾ।
ਉਘਰਹਿ ਪਰਦਾ ਸਭਾ ਮਝਾਰਾ।

ਦਿਲ ਹੀ ਦਿਲ ਵਿਚ ਉਹ ਸਤਿਗੁਰੂ ਜੀ ਦੇ ਚਰਨਾਂ ਵਿਚ ਬੇਨਤੀਆਂ ਕਰਨ ਲਗਾ। ਸਭ ਦੀਆਂ ਕ੍ਰਿਪਾਨਾਂ ਵੇਖ ਲੈਣ ਪਿਛੋਂ ਭਾ: ਤਿਲੋਕੇ ਦੀ ਵਾਰੀ ਵੀ ਆ ਗਈ :—

"ਜਬ ਸਭ ਕੇ ਇਮ ਖੜਗ ਬਿਲੋਕੇ।
ਕਹਯੋ ਤੂ ਭੀ ਦਿਖਲਾਉ ਤਿਲੋਕੇ।
ਕਿਸ ਪ੍ਰਕਾਰ ਕੋ ਰਾਖਤ ਪਾਸ।
ਕੋ ਤਕਮਾ ਕਰ ਹੈ ਨਿਰਜਾਸ।


www.AKJ.Org

ਕਹਯੋ ਤਿਲੋਕੇ ਤਕਮਾ ਗੁਰ ਕੇ।
ਮੋਰ ਖੜਗ ਪਰ ਨਹੀ ਅਵਰ ਕੋ।
ਜਬ ਸਤਿਗੁਰ ਨੇ ਦੀਨਸ ਮੋਹੀ।
ਵਹਿਤ ਨਿਕਾਸ ਦਿਖਾਵੋਂ ਤੋਹੀ।
ਵਾਹਿਗੁਰੂ ਕਹਿ ਖੈਂਚ ਨਿਕਾਰਾ।
ਨਿਕਸਤ ਭਯੋ ਪ੍ਰਕਾਸ ਉਦਾਰਾ।

ਭਾ: ਤਿਲੋਕੇ ਦੀ ਪਤ ਰਹਿ ਗਈ। ਸਤਿਗੁਰੂ ਜੀ ਨੇ ਬਹੁੜੀ ਕੀਤੀ। ਫਿਰ ਸਮਾਂ ਪਾ ਕੇ ਭਾ: ਤਿਲੋਕਾ ਗੁਰੂ ਦਰਸ਼ਨਾਂ ਨੂੰ ਆਇਆ ਤੇ ਸਾਰੀ ਵਿਥਿਆ ਸੁਣਾਈ ਤਾਂ ਸਤਿਗੁਰੂ ਜੀ ਨੇ ਬਚਨ ਕੀਤੇ :—

ਸੁਨਤ ਸਭਾ ਮੈ ਸਤਿਗੁਰੂ ਕਹਯੋ।
ਦਯਾ ਕਰਨ ਪ੍ਰਣ ਹੈ ਨਿਰਭਯੋ।
ਕਿਉ ਨ ਹੋਇ ਤਬ ਗੁਰੂ ਸਹਾਈ।
ਗੁਰ ਬਾਨੀ ਮਨ ਮਾਨ ਦਿਖਾਈ।

(ਸੂਰਜ ਪ੍ਰਕਾਸ਼ ਰਾਸ ੩, ਅੰਸੂ ੫੦)

ਦੀਨਾਂ, ਦੁਖੀਆਂ, ਨਿਰਬਲਾਂ, ਨਿਤਾਣਿਆਂ, ਬੇਜ਼ੁਬਾਨਾਂ, ਬੇ-ਗੁਨਾਹਾਂ ਤੇ ਕਮਜ਼ੋਰ ਜੀਵਾਂ ਉਤੇ ਦਯਾ ਕਰਨਾ ਸਿਖੀ ਦਾ ਮੁਢਲਾ ਉਪਦੇਸ਼ ਹੈ। ਜਿਹੜਾ ਕੋਈ ਇਸ ਦੀ ਪਾਲਨਾ ਕਰੇਗਾ ਸਤਿਗੁਰੂ ਵੀ ਉਸ ਤੇ ਦਯਾਵਾਨ ਰਹਿੰਦਾ,ਅੰਗ ਸੰਗ ਸਹਾਈ ਹੁੰਦਾ ਤੇ ਹਰ ਭੀੜਾ ਤੇ ਸੰਕਟ ਦੂਰ ਕਰਦਾ ਹੈ।

**ਇਕ ਸ਼ਿਕਾਰੀ ਰਾਜੇ ਦੀ ਸਾਖੀ—**

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਦੀ ਇਕ ਹੋਰ ਘਟਨਾ ਵੀ ਇਤਿਹਾਸ ਚੋਂ ਮਿਲਦੀ ਹੈ—

ਇਕ ਦਿਨ ਇਕ ਰਾਜਾ ਸਤਿਗੁਰੂ ਜੀ ਦੇ ਹਜ਼ੂਰ ਆਇਆ ਤੇ ਬੇਨਤੀ ਕੀਤੀ—ਗਰੀਬ ਨਿਵਾਜ! ਮੈਂ ਘਰੋਂ ਸ਼ਿਕਾਰ ਖੇਡਣ ਲਈ ਨਿਕਲਿਆ ਸਾਂ। ਅਤੇ ਮੇਰੀ ਇਛਾ ਹੈ ਕਿ ਇਸ ਮੁਹਿੰਮ ਉਤੇ ਆਪ ਜੀ ਜਹੇ ਮਹਾਂ ਪੁਰਸ਼ ਸਾਥ ਵਿਚ ਹੋਣ। ਸੋ ਕਿਰਪਾ ਕਰੋ ਤੇ ਸਾਥ ਦੇ ਕੇ ਕ੍ਰਿਤਾਰਥ ਕਰੋ।

ਸਤਿਗੁਰੂ ਜੀ ਨੇ ਆਖਿਆ, ਰਾਜਨ! ਜੇ ਸ਼ਿਕਾਰ ਖੇਡਣਾ ਹੀ ਹੈ ਤਾਂ ਆ! ਸਾਡੇ ਵਾਂਗੂ ਸ਼ਿਕਾਰ ਖੇਡ, ਅਸੀਂ ਤਾਂ ਇਸ ਪ੍ਰਕਾਰ ਖੇਡਦੇ ਹਾਂ :—

ਦਸ ਮਿਰਗੀ ਸਹਜੇ ਬੰਧਿ ਆਨੀ॥
ਪਾਂਚ ਮਿਰਗ ਬੇਧੇ ਸਿਵ ਕੀ ਬਾਨੀ॥੧॥
ਸੰਤ ਸੰਗਿ ਲੇ ਚੜਿਓ ਸਿਕਾਰ॥
ਮ੍ਰਿਗ ਪਕਰੇ ਬਿਨੁ ਘੋਰ ਹਥੀਆਰ॥੧॥ਰਹਾਉ॥
ਆਖੇਰ ਬਿਰਤਿ ਬਾਹਰਿ ਆਇਓ ਧਾਇ॥
ਅਹੇਰਾ ਪਾਇਓ ਘਰ ਕੈ ਗਾਂਇ॥੨॥
ਮ੍ਰਿਗ ਪਕਰੇ ਘਰਿ ਆਣੇ ਹਾਟਿ॥
ਚੁਖ ਚੁਖ ਲੇ ਗਏ ਬਾਂਢੇ ਬਾਟਿ॥੩॥
ਏਹੁ ਅਹੇਰਾ ਕੀਨੋ ਦਾਨੁ॥
ਨਾਨਕ ਕੈ ਘਰਿ ਕੇਵਲ ਨਾਮੁ॥੪॥੪੦॥

[ਭੈਰਉ ਮਹਲਾ ੫, ਪੰ: ੧੧੩੪

ਰਾਜਨ! ਅਸਾਂ ਦਸਾਂ ਇੰਦ੍ਰੀਆਂ ਨੂੰ ਸਹਿਜ ਅਵਸਥਾ ਨਾਲ ਬੰਨ੍ਹ ਲਿਆ ਹੈ। ਕਾਮਾਦਿਕ ਪੰਜਾਂ ਮ੍ਰਿਗਾਂ ਨੂੰ ਪ੍ਰਭੂ ਜੀ ਦੇ ਗੁਣਾਂਵਾਦ ਰੂਪੀ ਬਾਣਾਂ ਨਾਲ ਵਿੰਨ੍ਹ ਲਿਆ ਹੈ। ਸੰਤ ਜਨਾਂ ਤੇ ਸਾਧੂ ਪੁਰਸ਼ਾਂ ਦਾ ਸਾਥ ਬਣਾ ਕੇ ਅਜਿਹਾ ਸ਼ਿਕਾਰ ਕੀਤਾ ਹੈ ਕਿ ਇਸ ਕਾਬੂ ਨਾ ਆਉਣ ਵਾਲੇ ਮ੍ਰਿਗ ਨੂੰ ਬਿਨਾ ਘੋੜੇ ਤੇ ਹਥਿਆਰਾਂ ਦੇ ਵਸ ਕਰ ਲਿਆ ਹੈ। ਇਹੋ ਜਹੀ ਸ਼ਿਕਾਰੀ ਬ੍ਰਿਤੀ ਦੁਆਰਾ ਆਪਣੇ ਸਰੀਰ ਅਤੇ ਅੰਤਹਕਰਣ ਦੁਆਲੇ ਘੇਰਾ ਪਾ ਕੇ ਫੁਰਨਿਆਂ ਉਤੇ ਕਾਬੂ ਪਾ ਲਿਆ ਹੈ ਅਤੇ ਇਸ ਤਰ੍ਹਾਂ ਗਿਆਨ ਅਤੇ ਕਾਮ-ਇੰਦ੍ਰਿਆਂ ਅਤੇ ਵਿਸ਼ੇ-ਵਿਕਾਰ ਰੂਪੀ ਮ੍ਰਿਗ ਕਾਬੂ ਕਰ ਕੇ ਆਪਣੇ ਅੰਤਿਸ਼ਕਰਣ ਰੂਪ ਘਰ ਵਿਚ ਲਿਆ ਕੇ, ਥੋੜਾ ਥੋੜਾ ਇਨ੍ਹਾਂ ਦੇ ਮੰਦ ਸੁਭਾਵਾਂ ਨੂੰ, ਇਹਨਾਂ ਸਦ ਗੁਣੀ ਸਾਧੂ ਪੁਰਸ਼ਾਂ ਤੇ ਸੰਤਾਂ ਵਿਚ ਵੰਡ ਦਿਤਾ ਹੈ, ਅਥਵਾ ਕਾਮ ਨੂੰ ਵਿਚਾਰ, ਕ੍ਰੋਧ ਨੂੰ ਨਿਮ੍ਰਤਾ, ਲੋਭ ਨੂੰ ਸੰਤੋਖ, ਮੋਹ ਨੂੰ ਵਿਵੇਕ ਅਤੇ ਹੰਕਾਰ ਨੂੰ ਦੀਨਤਾ ਵਿਚ ਵੰਡ ਲਿਆ ਹੈ। ਇਸ ਉਪਦੇਸ਼ ਦਾ ਨਿਧਿਆਸਣ ਕਰ ਕੇ ਮੈਂ ਸਰੀਰ ਰੂਪੀ ਘਰ ਵਿਚ ਨਿਵਾਸ ਰਖਦਾ ਹੋਇਆ, ਕੇਵਲ ਪ੍ਰਭੂ ਨਾਮ ਦਾ ਸਿਮਰਨ ਕਰਦਾ ਹਾਂ। ਤੇ ਹੇ ਰਾਜਨ! ਆ ਤੂੰ ਵੀ ਇਹੋ ਜਿਹਾ, ਮੇਰੇ ਵਰਗਾ ਹੀ ਸ਼ਿਕਾਰ ਖੇਡ ਲੈ, ਜੇ ਜੀਵਨ ਦੀ ਖੇਡ ਸਫਲਤਾ ਨਾਲ ਖੇਡਣਾ ਚਾਹੁੰਦਾ ਹੈ।

ਰਾਜਨ! ਜਿਹੋ ਜਿਹੇ ਕਰਮ ਕੋਈ ਜੀਵਨ ਵਿਚ ਕਰਦਾ ਹੈ ਉਸਨੂੰ ਅਗੇ ਜਾ ਕੇ ਉਹੋ ਜਿਹਾ ਫਲ ਮਿਲਦਾ ਹੈ। ਕਤਲ ਦਾ ਫਲ ਅਵਸ਼ ਕਤਲ ਹੈ, ਜੀਵ-ਹਤਿਆ ਦਾ ਫਲ ਹਤਿਆ ਹੀ ਮਿਲੇਗਾ। ਰਾਜੇ ਨੇ ਸਤਿਗੁਰੂ ਜੀ


www.AKJ.Org

ਦਾ ਉਪਦੇਸ਼ ਗ੍ਰਹਿਣ ਕੀਤਾ । ਅਗੋਂ ਲਈ ਜੀਵ-ਹਤਿਆ ਆਦਿ ਸ਼ਿਕਾਰ ਖੇਡਣ ਤੋਂ ਤੋਬਾ ਕੀਤੀ ਤੇ ਪ੍ਰਭੂ-ਨਾਮ ਸਿਮਰਨ ਦਾ ਉਪਦੇਸ਼ ਲੈ ਕੇ ਘਰ ਨੂੰ ਪਰਤ ਗਿਆ ।

**ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ—**

**ਉਜੈਨ ਨਿਵਾਸੀ ਭਾਈ ਧੀਰੂ**

ਛੇਵੇਂ ਸਤਿਗੁਰੂ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਦਰਬਾਰ ਵਿਚ ਉਜੈਨ ਨਿਵਾਸੀ ਭਾਈ ਧੀਰੂ ਆਇਆ ਤੇ ਬੇਨਤੀ ਕੀਤੀ ਕਿ ਸਤਿਗੁਰੂ ! ਸ੍ਰੇਸ਼ਟ ਪੁਰਸ਼ਾਂ ਤੇ ਉਚ ਮਹਾਂਪੁਰਸ਼ ਸੰਤਾਂ ਦੇ ਲਛਣ ਦਸਣ ਦੀ ਕਿਰਪਾ ਕਰੋ :—

ਇਕ ਦਿਨ ਬੂਝਯੋ ਸਤਿਗੁਰੂ ਪਾਸ।
ਸੰਤਨ ਕੇ ਲਛਨ ਕਿਆ ਰਾਸ।
ਤਬ ਸ੍ਰੀ ਹਰਿ ਗੋਬਿੰਦ ਬਖਾਨਾ।
ਇਕ ਸਲੋਕ ਸੰਤਨ ਗੁਨ ਵਾਨਾ।

ਸਲੋਕ ਸਹਸਕ੍ਰਿਤੀ ਮਹਲਾ ੫, ਪੰ: ੧੩੫੭

ਮੰਤ੍ਰੰ ਰਾਮ ਰਾਮ ਨਾਮੰ, ਧ੍ਯਾਨੰ ਸਰਬਤ੍ਰ ਪੂਰਨਹ ॥
ਗ੍ਯਾਨੰ ਸਮ ਦੁਖ ਸੁਖੰ, ਜੁਗਤਿ ਨਿਰਮਲ ਨਿਰਵੈਰਣਹ ॥ ਦਯਾਲੰ ਸਰਬਤ ਜੀਆ, ਪੰਚ ਦੋਖ ਬਿਵਰਜਿਤਹ ॥...... ਖਟ ਲਖਣ ਪੂਰਨੰ ਪੁਰਖਹ, ਨਾਨਕ ਨਾਮ ਸਾਧ ਸ੍ਵਜਨਹ ॥੪੦॥

ਤਥਾ—ਸਿਮਰਹ ਰਾਮ ਲਖਹਿ ਸਭ ਮਾਹੀ।
ਦੁਖ ਸੁਖ ਮੇ ਸਮ ਸਦਾ ਰਹਾਹੀ।
ਸੋ ਨਿਰਮਲ ਨਿਰਵੈਰ ਬਸਾਲਾ।
ਜੁਰੇ ਰਹੈ ਤਿਸ ਸੋ ਸਭ ਕਾਲਾ।
ਸਭ ਜੀਅਨ ਪਰ ਦਯਾ ਕਰੰਤੇ।
ਕਾਮ ਕਰੋਧ ਕਰ ਨਹੀਂ ਲਿਪੰਤੇ।

(ਸੂਰਜ ਪ੍ਰਕਾਸ਼ ਰਾਸ ੫, ਅੰਸੂ ੪੪)

ਇਸੇ ਵਾਰਤਾ ਨੂੰ ਤਾਰੀਖ ਗੁਰੂ ਖਾਲਸਾ ਵਿਚ ਇਸ ਤਰ੍ਹਾਂ ਲਿਖਿਆ ਹੈ :—

ਭਾਗੀਰਥੀਏ ਨੇ ਪ੍ਰਸ਼ਨ ਕੀਤਾ ਕਿ ਐਸੇ ਸੰਤਾਂ ਨੂੰ ਪਛਾਣੀਏ ਕੀਕੂੰ ? ਗੁਰੂ ਜੀ ਬੋਲੇ, ਇਕ ਰਾਜੇ ਨੇ ਹੰਸ ਤੇ ਲਾਲ ਵੇਖਣੇ ਚਾਹੇ । ਵਜ਼ੀਰ ਸਰਬ ਪ੍ਰਕਾਰ ਦੀ ਚੋਗ ਪੰਛੀਆਂ ਨੂੰ ਦੇਣ ਲਗਾ। ਪੰਛੀਆਂ ਤੋਂ ਰਾਜੇ ਦਾ ਜਸ ਸੁਣ ਕੇ ਹੰਸ ਵੀ ਉਥੇ ਆ ਫਿਰੇ। ਰਾਜੇ ਨੇ ਦਰਸ਼ਨ ਪਾਏ, ਮੋਤੀ ਚੁਗਾਏ। ਰਾਜੇ ਦੀ ਸ਼ਰਧਾ ਵੇਖ ਕੇ ਹੰਸ ਲਾਲ ਉਗਲ ਕੇ ਦੇ ਗਏ। ਸੋ ਤੁਸੀਂ ਧਰਮਸਾਲਾ ਬਣਵਾ ਕੇ ਸੰਤਾਂ ਦੀ ਸੇਵਾ ਕਰਦੇ ਰਹੋ। ਬ੍ਰਹਮ ਗਿਆਨ ਦੇਣ ਵਾਲੇ ਹੰਸ ਰੂਪ ਸੰਤ ਭੀ ਆ ਜਾਣਗੇ । ਭਾਈ ਧੀਰੂ ਨੇ ਅਰਜ਼ ਕੀਤੀ, ਉਹਨਾਂ ਸੰਤਾਂ ਦੇ ਲਛਣ ਕੀ ਹਨ ? ਇਸ ਦਾ ਉਤਰ ਸਤਿਗੁਰੂ ਜੀ ਨੇ ਹੇਠ ਲਿਖੇ ਸਲੋਕ ਰਾਹੀਂ ਦਿਤਾ :—

ਮੰਤ੍ਰੰ ਰਾਮ ਰਾਮ ਨਾਮੰ, ਧ੍ਯਾਨੰ ਸਰਬਤ ਪੂਰਨੰ ॥

(ਤਾਰੀਖ਼ ਗੁਰੂ ਖ਼ਾਲਸਾ ਪੰ: ੪੪੭)

ਸਤਿਗੁਰੂ ਜੀ ਨੇ ਸੇਸ਼ਟ ਪੁਰਸ਼ਾਂ ਤੇ ਸੰਤਾਂ ਮਹਾਂ ਪੁਰਸ਼ਾਂ ਦੇ ਛੇ ਲਛਣ ਜਿਹੜੇ ਦਸੇ ਹਨ ਉਹਨਾਂ ਚੋਂ ਜੀਵ ਮਾਤ੍ਰ ਉਤੇ ਦਯਾ ਕਰਨੀ ਇਕ ਵਿਸ਼ੇਸ਼ ਲਖਣ ਹੈ । ਦਯਾ-ਹੀਨ ਸੰਤ ਅਥਵਾ ਮਹਾਂ ਪੁਰਖ ਨਹੀਂ ਹੋ ਸਕਦਾ।

(ਜੀਭ-ਸੁਆਦ ਲਈ ਰਬ ਦੇ ਬੇਜ਼ੁਬਾਨ, ਕਮਜ਼ੋਰ, ਬੇਗੁਨਾਹ ਤੇ ਦੀਨ ਜੀਵਾਂ ਨੂੰ ਕੁਹ ਕੁਹ ਕੇ ਖਾਣ ਵਾਲੇ ਸ੍ਰੇਸ਼ਟ ਪੁਰਸ਼ ਨਹੀਂ ਹੋ ਸਕਦੇ)

**ਸਤਿਗੁਰੂ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ—**

ਸਤਿਗੁਰੂ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਅਤਯੰਤ ਹੀ ਕੋਮਲ ਹਿਰਦੇ ਅਤੇ ਰਹਿਮ-ਦਿਲ ਸੁਭਾਅ ਵਾਲੇ ਸਨ । ਤਾਰੀਖ ਗੁਰੂ ਖਾਲਸਾ ਵਿਚ ਲਿਖਿਆ ਹੈ :—

ਦੂਸਰੇ ਸੁਭਾਅ ਕੋਮਲ ਐਸਾ ਸੀ ਕਿ ਇਕ ਦਿਨ ਆਪਣੇ ਬਾਬਾ ਛੇਵੇਂ ਪਾਤਿਸ਼ਾਹ ਜੀ ਦੇ ਨਾਲ ਬਾਗ ਵਿਚ ਗਏ। ਇਹਨਾਂ ਦੇ ਗਲ ਵਡਾ ਸਾਰਾ ਜਾਮਾ ਪਾਇਆ ਹੋਇਆ ਸੀ। ਉਸ ਦਾ ਪਲਾ ਲਗ ਕੇ ਫੁਲ ਟੁਟ ਗਏ ਤਾਂ ਇਹ ਉਸੇ ਥਾਂ ਰੁਦਨ ਕਰਨ ਲਗੇ। ਛੇਵੇਂ ਗੁਰੂ ਨੇ ਬਿਠਾ ਕੇ ਬਚਨ ਕੀਤੇ ਕਿ "ਜਾਮਾ ਪਹਿਰੀਏ ਤਾਂ ਸੰਭਾਲ ਕੇ ਚਲੀਏ।" ਇਹਨਾਂ ਨੇ ਉਸ ਬਚਨ ਨੂੰ ਅਜਿਹਾ ਪਾਲਿਆ ਕਿ ਸਾਰੀ ਉਮਰ ਹੀ ਜਾਮੇ ਨੂੰ ਚੁਕ ਕੇ ਹੀ ਤੁਰਦੇ ਰਹੇ। (ਤਾਰੀਖ਼ ਗੁਰੂ ਖ਼ਾਲਸਾ, ਪੰ: ੫੯੪)

[ਚਲਦਾ]

# ਗੁਰਬਾਣੀ ਦੀ ਸ਼ੁਧ ਛਪਾਈ

[ ਵਲੋਂ — ਭਾਈ ਦਰਸ਼ਨ ਸਿੰਘ ਜੀ 'ਗੜਗੱਜ' ]

ਸਤਿਗੁਰੂ ਜੀ ਦੀ ਮੇਹਰ ਦਾ ਸਦਕਾ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਨਿਤਾਪ੍ਰਤ ਪਾਠ ਦਾ ਨਿਯਮ ਦਾਤਾ ਜੀ ਚਿਰਾਂ ਤੋਂ ਨਿਭਾ ਰਹੇ ਹਨ। ਅਜ ਤੋਂ ਛੇ ਕੁ ਸਾਲ ਪਹਿਲਾਂ ਤੋਂ ਇਕ ਉਚੇਚੀ ਲਿੱਲ ਲਗੀ ਹੋਈ ਹੈ ਅਤੇ ਉਹ ਹੈ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੇ ਸਮੁਚੇ ਦਰਸ਼ਨ ਕਰ ਕੇ ਜਿਥੇ ਵੀ ਲੋੜ ਹੋਵੇ, ਸੁਧਾਈ ਕਰ ਦਿਤੀ ਜਾਏ ਤਾਕਿ ਸੰਗਤਾਂ ਸ਼ੁਧ ਪਾਠ ਕਰ ਸਕਣ। ਅਜਿਹਾ ਕਰਦਿਆਂ ਤਜਰਬੇ ਵਿਚ ਇਹ ਗੱਲ ਆਈ ਹੈ ਕਿ ਅਜ ਤੋਂ ਪੰਝੀ ਤੀਹ ਸਾਲ ਪਹਿਲੋਂ ਦੀ ਨਿਸਬਤ ਹੁਣ ਦੀ ਛਪਾਈ ਵਿਚ ਗ਼ਲਤੀਆਂ ਅਗੇ ਨਾਲੋਂ ਸ਼ਾਇਦ ਤੀਹ ਗੁਣਾ ਜ਼ਿਆਦਾ ਹਨ, ਇਹ ਸਭ ਕੁਝ ਵੇਖ ਕੇ ਹੇਠ ਲਿਖੇ ਵਿਚਾਰ ਮਨ ਵਿਚ ਆ ਜਾਂਦੇ ਹਨ —

## ਇਹ ਬਾਣੀ ਮਹਾਂ ਪੁਰਖ ਕੀ—

ਸਤਿਗੁਰੂ ਜੀ ਦੀ ਬਾਣੀ, ਮਹਾਂ ਪੁਰਖ ਕੀ ਬਾਣੀ, ਧੁਰ ਕੀ ਬਾਣੀ, ਅਕਾਲ ਪੁਰਖ ਕੀ ਬਾਣੀ ਹੈ, ਜੋ ਅਕਾਲ ਤੋਂ ਆਈ ਹੈ ਅਤੇ ਸ੍ਰੀ ਸਤਿਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰ ਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਸਾਹਿਬ, ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਪ੍ਰਵਾਨ ਭਗਤਾਂ ਆਦਿ ਦੇ ਪਵਿਤਰ ਮੁਖਾਰਬਿੰਦ ਦੁਆਰਾ ਪ੍ਰਗਟ ਹੋਈ। ਇਸ ਬਾਣੀ ਨੂੰ ਸਾਰਾ ਸੰਸਾਰ ਸਤਯ ਸਰੂਪ ਕਰ ਕੇ ਮੰਨਦਾ ਤੇ ਪੂਜਦਾ ਹੈ।

"ਸਤਿਗੁਰ ਕੀ ਬਾਣੀ ਸਤਿ ਸਰੂਪ ਹੈ"

ਅਜਿਹਾ ਹੋਣ ਦੇ ਨਾਤੇ ਇਸ ਵਿਚ ਕਿਸੇ ਵੀ ਕਿਸਮ ਦੀ ਮਿਲਾਵਟ ਹਾਨੀਕਾਰਕ ਹੈ ਅਤੇ ਇਸ ਦੀ ਸ਼ੁਧਤਾ ਨੂੰ ਕਾਇਮ ਰਖਣਾ ਸਾਡਾ ਪਰਮ ਧਰਮ ਹੈ—ਪਰ ਅਫ਼ਸੋਸ ਕਿ ਸਾਡੇ ਪ੍ਰੈਸਾਂ ਵਾਲੇ ਸਜਣ ਇਸ ਪਾਸੇ ਵਲੋਂ ਬੜੀ ਅਨਗਹਿਲੀ ਕਰ ਰਹੇ ਹਨ। ਸਾਨੂੰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਕ ਇਕ ਬੀੜ ਵਿਚ ਪੰਜਾਹ ਪੰਜਾਹ, ਸੱਠ ਸੱਠ ਗ਼ਲਤੀਆਂ ਵੇਖਣ ਵਿਚ ਆਈਆਂ ਹਨ। ਇਹ ਸਿਰਫ਼ ਮਹਾਂ ਪੁਰਖ ਕੀ ਬਾਣੀ ਦੀ ਘੋਰ ਬੇਅਦਬੀ ਹੀ ਨਹੀਂ ਸਗੋਂ ਪੰਥ ਨੂੰ ਕੁਰਾਹੇ ਪਾਉਣ ਵਾਲੀ ਗੱਲ ਹੈ, ਕਿਉਂਕਿ ਗ਼ਲਤ ਪਾਠ ਕਰ ਕੇ ਕੋਈ ਸਹੀ ਰਸਤਾ ਕਿਵੇਂ ਅਪਣਾ ਸਕੇਗਾ।

## ਗ਼ਲਤੀਆਂ—

ਗੁਰਬਾਣੀ ਦੀ ਛਪਾਈ ਵਿਚ ਲਗਾਂ ਮਾਤਰਾਂ ਦੀ ਟੁੱਟ ਭੰਨ, ਅੱਗੜ ਪਿੱਛੜ, ਉਪਰ ਥੱਲੇ, ਮਰੋੜ ਤਰੋੜ ਤੋਂ ਇਲਾਵਾ ਵੇਖਣ ਵਿਚ ਆਇਆ ਹੈ ਕਿ ਅਖਰ ਤੇ ਕਈ ਥਾਈਂ ਸ਼ਬਦ ਵੀ ਵਾਧੂ ਘਾਟੂ ਛਾਪੇ ਜਾ ਰਹੇ ਹਨ। ਕੁਝ ਮਿਸਾਲਾਂ ਹੇਠ ਦਿੰਦੇ ਹਾਂ।

ਜਲੰਧਰ ਇੰਡਸਟ੍ਰੀਅਲ ਏਰੀਆ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਦੋ ਸਰੂਪ ਨਵੀਨ ਹੀ ਪਹੁੰਚੇ ਹਨ, ਉਨ੍ਹਾਂ ਵਿਚ "ਕੀਰਤਨੁ ਨਿਰਮੋਲਕ ਹੀਰਾ" (ਪੰਨਾ ੮੯੩-੯੪) ਦੀ ਥਾਂ "ਕੀਰਤਨੁ ਹਰਿ ਨਿਰਮੋਲਕ ਹੀਰਾ" ਛਪਿਆ ਹੋਇਆ ਹੈ।

ਗੁਰਦੁਆਰਾ ਸੰਤਪੁਰਾ ਲੁਧਿਆਣਾ ਵਿਖੇ ਦੇਖਿਆ ਹੈ ਕਿ ਪੰਨਾ ੮੧੩ ਉਤੇ "ਜਲੁ ਢੋਵਉ ਇਹ ਸੀਸ ਕਰਿ, ਕਰ ਪਗ ਪਖਲਾਵਉ" ਦੀ ਥਾਂ "ਜਲੁ ਢੋਵਉ ਇਹ ਸੀਸ ਕਰ ਪਗ ਪਖਲਾਵਉ" ਹੀ ਛਪਿਆ ਹੈ।

ਕਰਤਾਰਪੁਰ ਸਾਹਿਬ ਦੇ ਗੁਰਦੁਆਰਾ ਸਾਹਿਬ ਵਿਚ ਜੋ ਸਰੂਪ ਹਜ਼ੂਰ ਦੇ ਬਿਰਾਜਮਾਨ ਹਨ ਉਥੇ ਪੰਨਾ ੧੪੫ ਤੇ ਸਲੋਕ ਹੈ—ਕਲ ਕਾਤੀ ਰਾਜੇ ਕਾਸਾਈ...। ਉਸਦੇ ਨਾਲ ਲਗਦੀ ਪਉੜੀ ਦੀ ਤੁਕ ਹੈ :—

'ਕਰਤਾ ਆਪਿ ਅਭੁਲੁ ਹੈ, ਨ ਭੁਲੈ ਕਿਸੈ ਦਾ ਭੁਲਾਇਆ"

ਪਰ ਉਥੇ ਛਪਿਆ ਹੋਇਆ ਹੈ :—

"ਕਰਤਾ ਆਪਿ ਅਭੁਲੁ ਹੈ ਨਾ ਕਿਸੈ ਦਾ ਭੁਲਾਇਆ"

ਇਕ ਹੋਰ ਬੀੜ ਵਿਚ "ਹਉ ਢੂਢੇਦੀ ਸਜਣਾ" ਦੀ ਥਾਂ ਕੇਵਲ "ਢੂਢੇਦੀ ਸਜਣਾ" ਹੀ ਛਪਿਆ ਹੈ।

ਇਹ ਅਰਦਾਸ ਕਿ "ਕੰਨਾ ਲਗ ਮਾਤਰ ਵਾਧ ਘਾਟ ਦੀ ਖਿਮਾ ਕਰੋ" ਦਾ ਅਰਥ ਇਹ ਨਹੀਂ ਕਿ ਅਸੀਂ ਅਖਰ ਹੀ ਵਧਾਈ ਘਟਾਈ ਜਾਈਏ ਤੇ ਜਾਣ ਬੁਝ ਕੇ



www.AKJ.Org

ਅਨਗਹਿਲੀ ਕਰੀਏ । ਕੰਨਾ ਲਗ ਮਾਤਰ ਤੋਂ ਚੱਲ ਕੇ ਹੁਣ ੫੦-੬੦ ਗਲਤੀਆਂ ਛਪਾਈ ਵਿਚ ਕਰੀਏ ਜਾਂ ਕਰਨ ਦੀ ਆਗਿਆ ਦੇਈਏ, ਜਾਂ ਸਹਿਨ ਕਰੀਏ ਤੇ ਇਸ ਆਸ ਤੇ ਬੈਠੇ ਰਹੀਏ ਕਿ ਸਤਿਗੁਰੂ ਨੇ ਤਾਂ ਬਖ਼ਸ਼ ਹੀ ਦੇਣਾ ਹੈ । ਭਾਈ ਵੀਰੋ, "ਇਸ ਭਰਵਾਸੇ ਰਹਿਣ ਕੁਢੰਗਾ" । (ਭਾ: ਗੁਰਦਾਸ ਜੀ)

ਕਿਥੇ ਤਾਂ ਵਡਿਆਈ ਗੁਰੂ ਸਾਹਿਬ ਦੀ, ਜਿਨ੍ਹਾਂ ਇਤਨਾ ਖ਼ਿਆਲ ਰਖਿਆ ਗੁਰਬਾਣੀ ਦੀ ਸ਼ੁਧਤਾ ਦਾ ਕਿ ਭਾਈ ਬੰਨੋ ਦੀ ਬੀੜ ਨੂੰ ਪ੍ਰਵਾਨ ਨਹੀਂ ਕੀਤਾ ਤੇ ਕਿਥੇ ਹਾਂ ਅਸੀਂ ? ਸਤਿਗੁਰੂ ਦੇ ਨਕਸ਼ਿ ਕਦਮ ਤੇ ਚਲਣ ਦੀ ਥਾਂ ਅਸੀਂ ਇਤਨੇ ਨਿਘਰਦੇ ਜਾ ਰਹੇ ਹਾਂ ਕਿ ਚਾਰ ਕੌਡਾਂ ਦੇ ਲਾਲਚ ਪਿਛੇ ਅਸੀਂ ਅਦਬ ਬੇਅਦਬੀ, ਸ਼ੁਧ ਅਸ਼ੁਧ, ਪਾਪ ਹਨੇਰ ਦੇ ਸਾਰੇ ਡਰ ਭਉ ਲਾਹ ਕੇ ਖ਼ੁਦ ਹੀ ਇਸ ਬਾਣੀ ਨੂੰ ਅਸ਼ੁਧ ਬਣਾਉਣ ਦੇ ਮੁਜਰਮ ਬਣ ਰਹੇ ਹਾਂ ।

**"ਗੁਰਬਾਣੀ ਇਸ ਜਗ ਮਹਿ ਚਾਨਣ"—**

ਜਗਿਆਸੂ ਲਈ ਜਗਤ ਵਿਚ ਮਾਇਆ ਮੋਹ ਦੇ ਤਿਮਰ ਅਗਿਆਨ ਹਨੇਰੇ ਵਿਚ ਜੇਕਰ ਕੋਈ ਚਾਨਣ ਹੈ ਤਾਂ ਉਹ ਹੈ ਗੁਰਬਾਣੀ—ਸਿਧੇ ਰਸਤੇ ਤੇ ਤੁਰਨ ਵਾਸਤੇ ਰੌਸ਼ਨ ਹੈ ਗੁਰਬਾਣੀ, ਬਲਕਿ—

"ਬਾਣੀ ਬਿਰਉ ਬੀਚਾਰਸੀ, ਜੇ ਕੋ ਗੁਰਮੁਖਿ ਹੋਇ ॥
ਇਹ ਬਾਣੀ ਮਹਾ ਪੁਰਖ ਕੀ, ਨਿਜ ਘਰਿ ਵਾਸਾ ਹੋਇ ॥" [ਪੰਨਾ ੯੩੫

ਅਤੇ "ਗੁਰਬਾਣੀ ਇਸੁ ਜਗ ਮਹਿ ਚਾਨਣੁ,
ਕਰਮਿ ਵਸੈ ਮਨਿ ਆਇ ॥" [ਪੰਨਾ ੬੭

ਹਾਂ ਜੀ, ਗੁਰਬਾਣੀ ਹੈ ਗਿਆਨ-ਚਾਨਣਾ ਤੇ ਇਸ ਵਿਚ ਲਗਾਂ ਮਾਤਰਾਂ ਦਾ ਹੇਰ ਫੇਰ ਇਤਨਾ ਹਨੇਰ ਪੈਦਾ ਕਰ ਸਕਦਾ ਹੈ ਕਿ ਸ਼ਾਇਦ ਅਸੀਂ ਸਮਝ ਹੀ ਨ ਸਕੀਏ । ਦਾਸ ਇਕ ਦੁਨਿਆਵੀ ਮਿਸਾਲ ਨਾਲ ਸਿਧ ਕਰਦਾ ਹੈ । ਆਪ ਜੀ ਨੇ ਲੰਡੇ ਟਾਕਰੇ ਨਾਮ ਦੀ ਮੁਨਸ਼ੀ ਮੁਨੀਮਾਂ ਦੀ ਭਾਸ਼ਾ ਤਾਂ ਸੁਣੀ ਹੋਵੇਗੀ । ਇਕ ਵਾਰੀ ਇਸ ਭਾਸ਼ਾ ਵਿਚ ਇਕ ਵਡੇ ਸੇਠ ਜੀ ਦੇ ਮੁਨੀਮ ਨੇ ਸੇਠ ਜੀ ਦੇ ਘਰ ਚਿਠੀ ਭੇਜੀ—

"ਲਾਲਾ ਜੀ ਅਜਮੇਰ ਗਏ ਹੈਂ ਬੜੀ ਬਹੀ ਕੋ ਭੇਜ ਦੋ ।"

ਲੰਡੇ ਟਾਕਰਿਆਂ ਦੀ ਲਿਪੀ ਵਿਚ ਲਗਾਂ ਮਾਤਰਾਂ ਹੁੰਦੀਆਂ ਹੀ ਨਹੀਂ ਤੇ ਇਸ ਲਈ ਪੜ੍ਹਨ ਵਾਲੇ ਨੇ ਪੜ੍ਹਿਆ ਤੇ ਘਰ ਵਾਲਿਆਂ ਨੇ ਸਮਝਿਆ :—

"ਲਾਲਾ ਜੀ ਅਜ ਮਰ ਗਏ ਹੈਂ ਬੜੀ ਬਹੂ ਕੋ ਭੇਜ ਦੋ ।"

ਹਨੇਰ ਸਾਈਂ ਦਾ ! ਘਰ ਵਿਚ ਪਿੱਟਣਾ ਪੈ ਗਿਆ । ਦੁਨੀਆ ਆ ਢੁਕੀ, ਢਾਈਂ ਮਾਰ ਮਾਰ ਦੁਹੱਥੜ ਸਿਆਪੇ ਸ਼ੁਰੂ ਹੋ ਗਏ, ਸਿਰਫ਼ ਇਕ "ਲਾਂ" ਦੇ ਹੇਰ ਫੇਰ ਦੇ ਨਤੀਜੇ ਵਜੋਂ, 'ਅਜਮੇਰ ਜਾਣ' ਦੇ ਗਿਆਨ ਦੀ ਥਾਂ 'ਅਜ ਮਰ ਜਾਣ' ਦੀ ਅਗਿਆਨਤਾ ਨੇ ਡੇਰਾ ਪਾ ਲਿਆ । ਠੀਕ ਇਸੇ ਹੀ ਤਰ੍ਹਾਂ ਗੁਰਬਾਣੀ ਵਿਚ ਲਗਾਂ ਮਾਤਰਾਂ ਦੀ ਹੀ ਨਹੀਂ, ਹਰ ਅਖਰ ਦੀ ਇਤਨੀ ਵਡੀ ਕੀਮਤ ਹੈ । ਇਨ੍ਹਾਂ ਵਿਚ ਇਤਨਾ ਵੱਡਾ ਆਤਮ-ਗਿਆਨ ਹੈ ਕਿ ਥੋੜਾ ਜਿੰਨਾ ਵਲ ਛਲ ਵੀ ਅਗਿਆਨਤਾ ਦਾ ਪੜਦਾ ਵਿਚਕਾਰ ਪਸਾਰ ਦੇਂਦਾ ਹੈ । ਹੁਣ ਆਪ ਜੀ ਖ਼ੁਦ ਹੀ ਸੋਚੋ ਕਿ ਜੇ ਅਸੀਂ ਅਸ਼ੁਧ ਛਪਾਈ ਦੀ ਆਗਿਆ ਦਿਤੀ ਰਖੀ ਤਾਂ ਜਗਿਆਸੂ ਕਿਵੇਂ ਸਮਝ ਸਕੇਗਾ ਗੁਰਬਾਣੀ ਦੇ ਠੀਕ ਅਰਥ, ਤੇ ਕਿਵੇਂ ਪ੍ਰਾਪਤ ਕਰੇਗਾ ਉਹ ਗਿਆਨ-ਚਾਨਣਾ ਜਿਹੜਾ ਸਤਿਗੁਰੂ ਜੀ ਨੇ ਗੁੰਫਤ ਕੀਤਾ ਹੈ ਗੁਰਬਾਣੀ ਅੰਦਰ, ਜਿਹੜਾ ਅਕਾਲ ਪੁਰਖ ਜੀ ਨੇ ਆਪ ਬਖਸ਼ਿਆ ਹੈ ਅਸਾਂ ਜਗਿਆਸੂਆਂ ਲਈ । ਗ਼ਲਤ ਛਪਾਈ ਅਮਾਨਤ ਵਿਚ ਖ਼ਿਆਨਤ ਹੈ ਤੇ ਗੁਰੂ ਕੇ ਸਿਖਾਂ ਨੂੰ ਇਹ ਗੱਲ ਸ਼ੋਭਦੀ ਨਹੀਂ ਕਿ ਉਹ ਇਸ ਦੀ ਆਗਿਆ ਦੇਣ ।

**ਭਵਿਖਤ ਦਾ ਫ਼ਿਕਰ—**

ਅਜ ਤੋਂ ਸੌ ਸਾਲ ਪਹਿਲਾਂ ਛਪਾਈ ਦੇ ਇਤਨੇ ਚੰਗੇ ਸਾਧਨ ਨਹੀਂ ਸਨ । ਉਦੋਂ ਹਥ ਨਾਲ ਲਿਖਾਈ ਹੁੰਦੀ ਸੀ, ਬੜੇ ਜ਼ਿੰਮੇਵਾਰ ਬੰਦੇ ਲਿਖਾਈ ਕਰਦੇ ਸਨ । ਗ਼ਲਤੀ ਕੋਈ ਵਿਰਲੀ ਨਜ਼ਰ ਆਵੇ ਤਾਂ ਆਵੇ, ਨਹੀਂ ਤਾਂ ਸੁਧਤਾ ਦਾ ਬੜਾ ਧਿਆਨ ਰਖਿਆ ਜਾਂਦਾ ਸੀ । ਅਜ ਕਲ੍ਹ ਪ੍ਰਿੰਟਿੰਗ ਟੈਕਨੀਕ ਇਤਨੇ ਵਧੀਆ ਆ ਗਏ ਹਨ, ਪਰ ਅਫਸੋਸ ਕਿ ਗ਼ਲਤੀਆਂ ਇਕ ਇਕ ਛਾਪ ਵਿਚ ੫੦-੬੦ ਤਾਂ ਆਮ ਹੀ ਮਿਲਦੀਆਂ ਹਨ । ਕਿਤੇ ਕਿਤੇ ੧੦੦ ਗ਼ਲਤੀਆਂ ਵੀ ਵੇਖਣ ਵਿਚ ਆਈਆਂ ਹਨ ।

ਜੇ ਇਹੀ ਹਾਲ ਰਿਹਾ ਤਾਂ ਫ਼ਿਕਰ ਹੈ ਕਿ ਅਜ ਤੋਂ ੫੦੦ ਸਾਲ ਬਾਅਦ ਸ਼ਾਇਦ ਗੁਰਬਾਣੀ ਕਿਸੇ ਕੀਮਤ ਤੇ ਵੀ ਸੁਧ ਸਰੂਪ ਵਿਚ ਨਾ ਮਿਲ ਸਕੇ । ਤੇ ਉਦੋਂ ਦੇ ਲੋਕ ਆਖਣਗੇ ਕਿ ਸਾਡੇ ਦਾਦੇ ਪੜਦਾਦਿਆਂ ਨੇ ਆਪਨੀ ਜ਼ਿਮੇਵਾਰੀ ਨਹੀਂ ਨਿਭਾਈ, ਗੁਰਬਾਣੀ ਨੂੰ ਸ਼ੁਧ ਸਰੂਪ ਵਿਚ ਸੰਭਾਲਣ ਦੀ । ਭਾਵ ਇਹ ਕਿ ਅਸੀਂ ਅਸ਼ੁਧ ਛਪਾਈ ਦੇ ਜ਼ਿਮੇਵਾਰ ਬਣ ਕੇ ਅਸਲ ਵਿਚ ਆਉਣ


www.AKJ.Org

ਵਾਲੀ ਨਸਲ ਨੂੰ ਸਤਿਗੁਰੂ ਦੇ ਸ਼ੁਧ ਸਰੂਪ ਤੋਂ ਵਾਂਝੇ ਰਖਣ ਦੇ ਭਾਗੀ ਬਣਾਂਗੇ।

**ਖ਼ਾਲਸਾ ਜੀ ਜਾਗੋ !**

**ਪਰਕਾਸ਼ਕਾਂ ਦੀ ਆਪਣੀ ਜ਼ਿਮੇਵਾਰੀ ਤੋਂ ਕੋਤਾਹੀ—**

ਪਰਕਾਸ਼ਕਾਂ ਦੀ ਜ਼ਿੰਮੇਵਾਰੀ ਬਹੁਤ ਵੱਡੀ ਹੈ ਸ਼ੁਧ ਛਪਾਈ ਵਾਸਤੇ। ਅਸੀਂ ਨਾਮ ਤਾਂ ਨਹੀਂ ਦੇਂਦੇ ਇਥੇ ਕਿਸੇ ਖ਼ਾਸ ਪਰਕਾਸ਼ਕ ਦਾ, ਪਰ ਅਫ਼ਸੋਸ ਹੈ ਕਿ ਇਨ੍ਹਾਂ ਪਰਕਾਸ਼ਕਾਂ ਦੇ ਖ਼ਿਲਾਫ਼ ਮੁਜ਼ਾਹਰੇ ਭੀ ਹੋਏ, ਫਿਰ ਭੀ ਇਨ੍ਹਾਂ ਦੇ ਕੰਨਾਂ ਤੇ ਜੂੰ ਨਹੀਂ ਸਰਕੀ। ਮਾਇਆ ਨੇ ਅੰਨ੍ਹੇ ਬੋਲੇ ਕੀਤੇ ਪਏ ਹਨ, ਆਪਣੀ ਜ਼ਿੰਮੇਵਾਰੀ ਨੂੰ ਨਹੀਂ ਪਏ ਸਮਝਦੇ।

ਇਸ ਮਾਮਲੇ ਵਿਚ ਸਾਡਾ ਗੁਆਂਢੀ ਦੇਸ਼ ਸਾਥੋਂ ਅਗਾਹਾਂ ਹੈ। ਪਤਾ ਲਗਾ ਹੈ ਕਿ ਕੁਰਾਨ ਸ਼ਰੀਫ਼ ਦੀ ਛਪਾਈ ਨੂੰ ਬਿਲਕੁਲ ਸ਼ੁਧ ਰਖਣ ਲਈ ਇਹ ਸਾਰਾ ਪਰਬੰਧ ਉਥੋਂ ਦੀ ਗੌਰਮੈਂਟ ਨੇ ਆਪਣੇ ਹਥ ਵਿਚ ਲੈ ਲਿਆ ਹੈ। ਇਸਲਾਮ ਵਿਚ ਕੁਰਾਨ ਸ਼ਰੀਫ਼ ਨੂੰ ਭਾਵੇਂ ਪੈਗੰਬਰ ਤਾਂ ਨਹੀਂ ਕਿਹਾ ਜਾਂਦਾ, ਪਰ ਫਿਰ ਵੀ ਉਨ੍ਹਾਂ ਨੂੰ ਸਹੀ ਮੈਨਿਆਂ ਵਿਚ ਕਦਰ ਹੋ ਹਜ਼ਰਤ ਦੀ ਬਾਣੀ ਦੀ। ਸਾਨੂੰ ਉਨ੍ਹਾਂ ਤੋਂ ਸਬਕ ਸਿਖਣਾ ਚਾਹੀਦਾ ਹੈ।

**ਸੁਝਾਅ—**

ਦਾਸ ਦੀ ਬੇਨਤੀ ਹੈ ਕਿ ਜਿਥੇ ਜਿਥੇ ਵੀ ਗੁਰੂ ਕੇ ਲਾਲ ਵਿਚਰਦੇ ਹਨ ਤੇ ਜੋ ਵੀਰ ਭੈਣਾਂ ਇਸ ਲੇਖ ਨੂੰ ਪੜ੍ਹਦੇ ਯਾ ਸੁਣਦੇ ਹਨ ਉਹ ਸਾਰੇ ਅਪਣੇ ਨੇੜੇ ਤੇੜੇ ਦੀਆਂ ਸਿੰਘ ਸਭਾਵਾਂ ਸੁਸਾਇਟੀਆਂ ਨੂੰ ਪਰੇਰਨਾ ਦੇ ਕੇ ਗੁਰਮਤੇ ਪਾਸ ਕਰਾ ਕੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਭੇਜਣ ਕਿ ਸ੍ਰੀ ਗੁਰੂ ਗਰੰਥ ਸਾਹਿਬ ਦੀ ਛਪਾਈ ਹੋਰ ਸਾਰੇ ਪਾਸਿਓਂ ਰੋਕ ਕੇ ਸ੍ਰੀ ਗੁਰੂ ਗਰੰਥ ਸਾਹਿਬ ਮਿਸ਼ਨ ਟਰੱਸਟ ਦੇ ਹਵਾਲੇ ਕਰੇ ਤੇ ਮਿਸ਼ਨ ਟਰੱਸਟ ਦੇ ਮੁਖੀ ਸਜਣ ਵਧ ਤੋਂ ਵਧ ਤਾਣ ਲਗਾ ਕੇ ਗੁਰਬਾਣੀ ਦੀ ਛਪਾਈ ਇਤਨੀ ਸ਼ੁਧਤਾ ਨਾਲ ਕਰਾਉਣ ਕਿ ਇਕ ਵੀ ਗ਼ਲਤੀ ਦੇਖਣ ਵਿਚ ਨਾ ਆਵੇ ਤਾਂ ਜੁ ਇਹ ਮਹਾਂ ਪੁਰਖਾਂ ਦੀ ਬਾਣੀ ਸਹੀ ਅਰਥਾਂ ਵਿਚ ਜਗਿਆਸੂ ਲਈ ਚਾਨਣ ਮੁਨਾਰਾ ਬਣੀ ਰਹੇ।

---

## ਸੇਵਾ ਦੇ ਪੁੰਜ ਜਥੇਦਾਰ ਬਾਬਾ ਜੀਵਨ ਸਿੰਘ ਜੀ ਦਾ ਅਕਾਲ ਚਲਾਣਾ

ਸਿਖ ਜਗਤ ਵਿਚ ਇਹ ਹਿਰਦੇਵੇਧਕ ਖ਼ਬਰ ਬੜੇ ਸ਼ੋਕ ਨਾਲ ਸੁਣੀ ਗਈ ਕਿ ੨੯ ਅਕਤੂਬਰ ੧੯੭੪ ਮੰਗਲਵਾਰ ਨੂੰ, ਸ੍ਰੀ ਹਰਿਮੰਦਰ ਸਾਹਿਬ ਜੀ ਦੀ ਪਰਕਰਮਾ ਹੰਸਲੀ ਦੀ ਸੇਵਾ ਸਮਾਪਤ ਹੁੰਦਿਆਂ ਹੀ ਓਸੇ ਦਿਨ ਦੁਪਹਿਰ ਨੂੰ ਜੱਥੇਦਾਰ ਬਾਬਾ ਜੀਵਨ ਸਿੰਘ ਜੀ ਅਕਾਲ ਚਲਾਣਾ ਕਰ ਗਏ। ਆਪ ਜੀ ਨੇ ਗੁਰਧਾਮਾਂ ਦੀ ਬੇਅੰਤ ਸੇਵਾ ਕਰਵਾਈ।

ਸ੍ਰੀ ਹਜ਼ੂਰ ਸਾਹਿਬ ਨੰਦੇੜ ਦੇ ਸਾਰੇ ਗੁਰ-ਦੁਆਰਿਆਂ ਦੀ ਯਾਤਰਾ ਨੂੰ ਸੁਖਦਾਇਕ ਬਣਾਉਣ ਲਈ ਇਕ ਲਿੰਕ-ਰੋਡ ਰਾਹੀਂ ਮੇਲਣ ਦਾ ਮਹਾਨ ਤੇ ਕਠਨ ਕਾਰਜ ਸਿਰੇ ਚਾੜ੍ਹਿਆ। ਇਸੇ ਰਸਤੇ ਵਿਚ ਗੁਦਾਵਰੀ ਨਦੀ ਦਾ ਉਹ ਪੁਲ ਤਿਆਰ ਕਰਵਾਇਆ ਜਿਸ ਕਾਰਜ ਨੂੰ ਮਹਾਰਾਸ਼ਟਰ ਦੀ ਸਰਕਾਰ ਵੀ ਹੱਥ ਪਾਉਣੋਂ ਸੰਕੋਚ ਕਰਦੀ ਸੀ। ਇਸ ਪੁਲ ਤੇ ਲਖਾਂ ਰੁਪਿਆਂ ਤੋਂ ਬਿਨਾਂ ਲਖੂਖਾਂ ਸੰਗਤਾਂ ਨੇ ਤਨ ਮਨ ਧਨ ਨਾਲ ਨਿਸ਼ਕਾਮ ਸੇਵਾ ਕੀਤੀ। ਇਸ ਪੁਲ ਦਾ ਉਦਘਾਟਨ ਕਿਸੇ ਵਿਅਕਤੀ ਤੋਂ ਕਰਾਉਣ ਦੀ ਥਾਂ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਨਾਲ ਕੀਤਾ ਗਿਆ। ਗੁਰਦਵਾਰਾ ਸ਼ਿਕਾਰਘਾਟ ਤੇ ਸਰੋਵਰ ਦੀ ਅਦੁੱਤੀ ਉਸਾਰੀ ਤੋਂ ਵਿਹਲੇ ਹੁੰਦਿਆਂ ਹੀ ਆਪ ਨੇ ਸ੍ਰੀ ਤਰਨ ਤਾਰਨ ਦੇ ਮਹਾਨ ਸਰੋਵਰ ਦੀ ਕਾਰ ਸੇਵਾ ਤੇ ਪੌੜਾਂ ਦੀ ਸੇਵਾ ਕੁਝ ਸਾਲਾਂ ਵਿਚ ਸੰਪੂਰਨ ਕਰਾਈ। ਇਸ ਤੋਂ ਉਪਰੰਤ ਸ੍ਰੀ ਅੰਮ੍ਰਿਤਸਰ ਦੇ ਪੰਜਾਂ ਸਰੋਵਰਾਂ ਦੀ ਕਾਰ-ਸੇਵਾ ਦੇ ਨਾਲ ਨਾਲ ਪੌੜਾਂ ਅਤੇ ਪਰਕਰਮਾਂ ਦੀ ਸੇਵਾ ਭੀ ਕਰਵਾਈ। ਕੌਲ ਸਰ ਤੇ ਸੰਤੋਖ ਸਰ ਦੇ ਸਰੋਵਰਾਂ ਨੂੰ ਬਿਲਕੁਲ ਨਵਾਂ ਹੀ ਰੂਪ ਦਿਤਾ ਗਿਆ। ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਦੀ ਇਤਿਹਾਸਕ ਕਾਰ-ਸੇਵਾ ਸਮੇਂ ਆਪ ਜੀ ਦੇ ਚਲਾਏ ਹੋਏ ਜਾਪ ਸਤਿਨਾਮ 'ਵਾਹਿਗੁਰੂ' ਦੇ ਉਚਾਰਨ ਦੀਆਂ ਗੂੰਜਾਂ ਦੇ ਨਜ਼ਾਰੇ ਅਦੁੱਤੀ ਸਨ, ਜੋ ਅੱਜ ਵੀ ਅੱਖਾਂ ਸਾਹਮਣੇ ਆ ਕੇ ਮਨ ਨੂੰ ਹੁਲਾਸ ਦੇ ਜਾਂਦੇ ਹਨ। ਬਾਬਾ ਜੀ ਨੇ ਆਖ਼ਰੀ ਸੇਵਾ ਰਾਹੀਂ ਪਰਕਰਮਾ ਦਾ ਮੈਲਾ ਜਲ ਬਾਹਰ ਕਢਣ ਲਈ ਇਕ ਹੰਸਲੀ ਸੜਕਾਂ, ਬਜ਼ਾਰਾਂ ਤੇ ਕਈ ਮਕਾਨਾਂ ਦੇ ਵਿਚ ਦੀ ਲੰਘਾ ਕੇ ਤਿਆਰ ਕਰਵਾਈ। ਅਤੇ ਇਸ ਸੇਵਾ ਦੀ ਸਮਾਪਤੀ ਦੇ ਆਖ਼ਰੀ ਦਿਨ ਆਪਣੀ ਆਯੂ ਦੀ ਸਮਾਪਤੀ ਵੀ ਕਰ ਗਏ।



www.AKJ.Org

# ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥

[ਰਾਮਕਲੀ ਮਹਲਾ ੧ ਦਖਣੀ ਓਅੰਕਾਰੁ, ਪੰਨਾ ੯੩੭

[ ਵਲੋਂ — ਬੀਬੀ ਅਜੀਤ ਕੌਰ ਜੀ 'ਗੰਭੀਰ', ਸੈਕੰਡ-ਯੀਅਰ, ਚੰਡੀਗੜ੍ਹ ]

ਦੁਨੀਆ ਵਿਚ ਲੋਕਾਂ ਦੀ ਬਹੁ-ਗਿਣਤੀ ਨਸੀਬਾਂ ਜਾਂ ਕਰਮਾਂ ਵਿਚ ਯਕੀਨ ਰਖਦੀ ਹੈ। ਪੂਰਬ ਦੇ ਸਾਰੇ ਮਜ਼ਬ ਹਿੰਦੂ, ਮੁਸਲਮਾਨ ਤੇ ਸਿਖ ਆਦਿ 'ਕਿਸਮਤ' ਨੂੰ ਮੰਨਦੇ ਹਨ। ਯੂਰਪ ਦੇ ਕਈ ਵਡੇ ਵਿਚਾਰਵਾਨਾਂ ਨੇ ਇਸ ਖ਼ਿਆਲ ਨੂੰ ਅਪਣਾਇਆ ਹੈ ਕਿ ਬੰਦੇ ਦੇ ਜੀਵਨ ਵਿਚ ਲੇਖਾਂ ਦਾ ਭਾਰੀ ਹੱਥ ਹੈ।

ਇਸ ਤੁਕ ਦਾ ਭਾਵ ਇਹ ਹੈ ਕਿ ਵਾਹਿਗੁਰੂ ਨੇ ਮਨੁੱਖ ਦੇ ਭਾਗ ਧੁਰੋਂ ਲਿਖ ਦਿਤੇ ਹਨ ਤੇ ਉਨ੍ਹਾਂ ਵਿੱਚ ਅਦਲ ਬਦਲ ਨਹੀਂ ਹੋ ਸਕਦਾ। ਇਸੇ ਭਾਵ ਦੀ ਪ੍ਰੋੜ੍ਹਤਾ ਵਿਚ ਹੋਰ ਅਨੇਕਾਂ ਤੁੱਕਾਂ ਗੁਰਬਾਣੀ ਵਿਚ ਆਈਆਂ ਹਨ :—

ਜੋ ਧੁਰਿ ਲਿਖਿਆ, ਸੁ ਮੇਟਣਾ ਨ ਜਾਇ ॥
[ਮਲਾਰ ਮ: ੫, ਪੰਨਾ ੧੨੭੫

ਜੋ ਧੁਰਿ ਲਿਖਿਆ ਲੇਖੁ, ਸੋਈ ਸਭ ਕਮਾਇ ॥
[ਸਲੋਕ ਮ: ੫, ਪੰਨਾ ੧੪੨੫

ਸਾਈ ਕਾਰ ਕਮਾਵਣੀ, ਧੁਰਿ ਛੋਡੀ ਤਿੰਨੈ ਪਾਇ ॥
[ਆਸਾ ਕੀ ਵਾਰ

ਅਸੀਂ ਉਹੀ ਕੰਮ ਕਰਦੇ ਹਾਂ, ਜੋ ਵਾਹਿਗੁਰੂ ਨੇ ਆਪਣੀ ਦਰਗਾਹੋਂ ਸਾਡੀ ਕਿਸਮਤ ਵਿਚ ਲਿਖ ਦਿਤੇ ਹਨ। ਕਿਸਮਤ ਨੂੰ ਅਗੇ ਪਿੱਛੇ ਕਰਨਾ ਜੀਵਾਂ ਦੇ ਅਖ਼ਤਿਆਰ ਨਹੀਂ।

ਜੇ ਗਹੁ ਨਾਲ ਵਿਚਾਰਿਆ ਜਾਏ ਤਾਂ ਇਹ ਗੱਲ ਬਿਲਕੁਲ ਠੀਕ ਜਾਪਦੀ ਹੈ ਕਿ ਇਸ ਵਿਸ਼ਾਲ ਧਰਤੀ ਵਿਚ ਮਨੁੱਖ ਦੀ ਤਾਕਤ ਕੁਝ ਵੀ ਨਹੀਂ। ਕਈ ਵਡੇ ਵਡੇ ਬ੍ਰਹਿਮੰਡਾਂ ਵਿਚ ਇਹ ਇਕ ਕਿਣਕੇ ਸਮਾਨ ਹੈ। ਗੁਰਬਾਣੀ ਕਹਿੰਦੀ ਹੈ :—

ਇਸ ਕਾ ਬਲੁ ਨਾਹੀ ਇਸੁ ਹਾਥ ॥
ਕਰਨ ਕਰਾਵਨ ਸਰਬ ਕੋ ਨਾਥ ॥
[ਸੁਖਮਨੀ ਸਾਹਿਬ, ਪੰਨਾ ੨੭੭

ਮਨੁੱਖ ਦੀ ਸ਼ਕਤੀ ਉਸ ਦੇ ਹਥ ਨਹੀਂ, ਸਭ ਕੁਝ ਕਰਨ ਵਾਲਾ ਉਹ ਆਪ ਹੈ। ਅਸੀਂ ਸਭ ਪੁਤਲੀਆਂ ਹਾਂ, ਜੋ ਨਚਾਉਣ ਵਾਲੇ ਦੀ ਤਾਰ ਤੇ ਨਚਦੀਆਂ ਹਾਂ। ਅਸੀਂ ਸਾਰੇ ਜਾਣਦੇ ਹਾਂ ਕਿ ਸਾਡੇ ਬਹੁਤੇ ਕੰਮ ਸਾਡੀ ਇਛਾ ਅਨੁਸਾਰ ਨਹੀਂ ਹੁੰਦੇ। ਅਸੀਂ ਚਾਹੁੰਦੇ ਕੁਝ ਹੋਰ ਹਾਂ ਤੇ ਹੋ ਕੁਝ ਹੋਰ ਜਾਂਦਾ ਹੈ :—

ਨਰ ਚਾਹਤ ਕਛੁ ਅਉਰ, ਅਉਰੈ ਕੀ ਅਉਰੈ ਭਈ ॥
[ਸਲੋਕ ਮ: ੯, ਪੰਨਾ ੧੪੨੮

ਮਨੁੱਖੀ ਜੀਵਨ ਵਿਚ 'ਚਾਨਸ' ਜਾਂ ਅਚਾਨਕ ਕਾਰਨ ਦਾ ਬਹੁਤ ਹੱਥ ਹੈ। ਕਈ ਵਾਰੀ ਅਸੀਂ ਆਪਣੀ ਪੂਰੀ ਵਾਹ ਤੇ ਸਾਰਾ ਜ਼ੋਰ ਲਾ ਕੇ ਕੰਮ ਕਰਦੇ ਹਾਂ, ਪਰ ਉਸ ਵਿਚ ਕਾਮਯਾਬ ਨਹੀਂ ਹੋ ਸਕਦੇ। ਦੂਜੇ ਪਾਸੇ ਜੋ ਵਿਹਲੜ ਤੇ ਆਲਸੀ ਹੁੰਦੇ ਹਨ ਉਹ ਸਫ਼ਲ ਹੋ ਜਾਂਦੇ ਹਨ। ਬੜੇ ਬੜੇ ਵਿਦਵਾਨ ਤੇ ਹੁਨਰਮੰਦ ਦਰ-ਬ-ਦਰ ਠੋਕਰਾਂ ਖਾਂਦੇ ਫਿਰਦੇ ਹਨ ਤੇ ਇਲ ਦਾ ਨਾਂ ਕੋਕੋ ਨਾ ਜਾਣਨ ਵਾਲੇ ਆਦਰੇ ਸਨਮਾਨੇ ਜਾਂਦੇ ਹਨ। ਇਨ੍ਹਾਂ ਨੂੰ ਵੇਖ ਕੇ ਬਦੋਬਦੀ ਕਹਿਣਾ ਪੈਂਦਾ ਹੈ, "ਭਾਈ, ਭਾਗਾਂ ਦੀ ਗੱਲ ਏ।"

ਮਨੁੱਖ ਦੀ ਸਮਝ, ਅਕਲ ਤੇ ਉੱਦਮ ਦੀ ਕੋਈ ਪੇਸ਼ ਨਹੀਂ ਜਾਂਦੀ। ਸਾਡੇ ਸਾਰੇ ਕੰਮ ਕਾਰਨ ਦੇ ਆਸਰੇ ਹਨ ਤੇ ਕਾਰਨ ਸਾਡੇ ਵੱਸ ਨਹੀਂ, ਕਰਤਾਰ ਦੇ ਵੱਸ ਹੈ :—

ਕਰਣ ਕਾਰਣ ਪ੍ਰਭੁ ਏਕੁ ਹੈ, ਦੂਸਰ ਨਾਹੀ ਕੋਇ ॥
[ਸੁਖਮਨੀ ਸਾਹਿਬ, ਪੰਨਾ ੨੭੬

ਪਰੰਤੂ ਸਿੱਖ ਧਰਮ ਵਿਚ ਇਸ ਕਿਸਮਤ ਦੇ ਮਸਲੇ ਨੂੰ ਇਉਂ ਨਹੀਂ ਪੇਸ ਕੀਤਾ ਗਿਆ, ਜਿਵੇਂ ਆਮ ਲੋਕ ਸਮਝਦੇ ਹਨ। ਵਹਿਮੀ, ਬੇਸਮਝ ਤੇ ਭੁੱਲੜ ਲੋਕਾਂ ਨੂੰ ਇਸ ਅਸੂਲ ਨੇ ਹੱਥ ਤੇ ਹੱਥ ਧਰ ਕੇ ਬਹਿ ਰਹਿਣਾ ਸਿਖਾਇਆ ਹੈ। ਆਮ ਲੋਕ ਇਹ ਕਹਿ ਕੇ ਢੇਰੀ ਢਾਹ ਬਹਿੰਦੇ ਹਨ, ਪਈ ਹੋਣਾ ਤਾਂ ਉਹੀ ਹੈ, ਜੋ ਕਿਸਮਤ ਵਿਚ ਲਿਖਿਆ ਹੈ, ਫਿਰ ਅਸੀਂ ਕਾਹਦੇ ਲਈ ਮਾਰੇ ਮਾਰੇ ਫਿਰੀਏ ?" ਇਹੋ ਜਿਹੇ ਲੋਕਾਂ ਨੇ ਹੀ ਆਪਣੀਆਂ ਢਹਿੰਦੀਆਂ ਕਲਾਂ ਵਾਲੀ ਵਿਚਾਰ ਨੂੰ ਇਸ ਅਖਾਣ ਵਿਚ ਬੰਦ ਕੀਤਾ ਹੈ, ਪਰੇ ਪਰੇਡੇ ਜਾਹ, ਤੇ ਕਰਮਾਂ ਦਾ ਖੱਟਿਆ ਖਾਹ।"



www.AKJ.Org

ਗੁਰਬਾਣੀ ਲੋਕਾਂ ਦੇ ਇਸ ਖ਼ਿਆਲ ਦੀ ਪੁਸ਼ਟੀ ਨਹੀਂ ਕਰਦੀ, ਸਗੋਂ ਉਦਮ ਲਈ ਪ੍ਰੇਰਦੀ ਹੈ –

ਉਦਮੁ ਕਰੇਦਿਆ ਜੀਉ ਤੂੰ, ਕਮਾਵਦਿਆ ਸੁਖ ਭੁੰਚੁ ॥
ਧਿਆਇਦਿਆ ਤੂੰ ਪ੍ਰਭੂ ਮਿਲੁ, ਨਾਨਕ ਉਤਰੀ ਚਿੰਤ ॥
[ਵਾਰ ਗੂਜਰੀ ਮ: ੫, ਪੰਨਾ ੫੨੨

ਇਸ ਬਾਰੇ ਦੋ ਤਿੰਨ ਹੋਰ ਸਬੰਧਤ ਵਿਚਾਰ ਸਮਝਣ ਦੀ ਲੋੜ ਹੈ। ਪਹਿਲੀ ਗੱਲ ਇਹ ਕਿ ਮਸਤਕ ਦੇ ਲੇਖ, ਭਾਗ ਜਾਂ ਕਿਸਮਤ ਕੀ ਹੈ । ਗੁਰਬਾਣੀ ਅਨੁਸਾਰ ਲੇਖ ਸਾਡੇ ਹੀ ਕੰਮਾਂ ਦਾ ਸਿੱਟਾ ਹੈ ਅਤੇ ਮਨੁੱਖ ਆਪਣੀ ਕਿਸਮਤ ਆਪ ਬਣਾਉਂਦਾ ਹੈ। ਜਦੋਂ ਅਸੀਂ ਬਾਰ ਬਾਰ ਕਿਸੇ ਕੰਮ ਨੂੰ ਕਰਦੇ ਹਾਂ ਤਾਂ ਸਾਡਾ ਸੁਭੱਾ ਬਣ ਜਾਂਦਾ ਹੈ। ਉਹੀ ਸੁਭੱਾ ਸਾਨੂੰ ਮੁੜ ਮੁੜ ਉਹੀ ਕੰਮ ਕਰਨ ਲਈ ਮਜਬੂਰ ਕਰਦਾ ਹੈ । ਅਸੀਂ ਉਸ ਤੋਂ ਛੁਟਕਾਰਾ ਨਹੀਂ ਪਾ ਸਕਦੇ। ਇਹੀ ਸੁਭੱਾ ਸਾਡੀ ਕਿਸਮਤ ਜਾਂ ਕਰਮ ਬਣ ਜਾਂਦਾ ਹੈ, ਜੋ ਮਿਟ ਨਹੀਂ ਸਕਦਾ। ਗੁਰਬਾਣੀ ਵਿਚ ਲਿਖਿਆ ਹੈ :–

"ਪੁਰਬ ਕਮਾਣੇ ਛੋਡਹਿ ਨਾਹੀ।"

ਪਿਛਲੇ ਕੀਤੇ ਹੋਏ ਕੰਮ ਮਨੁੱਖ ਦਾ ਖਹਿੜਾ ਨਹੀਂ ਛੱਡਦੇ । ਵਾਹਿਗੁਰੂ ਜ਼ਰੂਰ ਸਾਨੂੰ ਆਪਣੇ ਹੁਕਮ ਵਿਚ ਤੋਰਦਾ ਹੈ, ਪਰ ਉਸਦੇ ਹੁਕਮ ਦੀ ਕਲਮ ਕਿਸੇ ਨਾਲ ਅਨਿਆਂ ਨਹੀਂ ਕਰਦੀ, ਉਥੇ ਸਚੋ ਸਚ ਨਿਬੜਦਾ ਹੈ। ਉਹ ਐਵੇਂ ਹੀ ਕਿਸੇ ਦੀ ਕਿਸਮਤ ਚੰਗੀ ਜਾਂ ਮਾੜੀ ਨਹੀਂ ਲਿਖ ਦੇਂਦਾ। ਉਸ ਦੀ ਕਲਮ ਜੀਵਾਂ ਦੇ ਕਰਮਾਂ ਅਨੁਸਾਰ ਚਲਦੀ ਹੈ, ਜਿਵੇਂ–

ਹੁਕਮਿ ਚਲਾਏ ਆਪਣੈ, ਕਰਮੀ ਵਹੈ ਕਲਾਮ ॥
[ਸਲੋਕ ਮ: ੧, ਪੰਨਾ ੧੨੪੧

ਆਪਣੀ ਭੈੜੀ ਕਿਸਮਤ ਲਈ ਰੱਬ ਨੂੰ ਜਾਂ ਕਿਸੇ ਹੋਰ ਨੂੰ ਕੋਸਣਾ ਠੀਕ ਨਹੀਂ। ਗੁਰੂ ਮਹਾਰਾਜ ਫੁਰਮਾਉਂਦੇ ਹਨ :–

"ਦਦੈ ਦੋਸੁ ਨ ਦੇਊ ਕਿਸੈ, ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ, ਦੋਸੁ ਨ ਦੀਜੈ ਅਵਰ ਜਨਾ ॥
[ਆਸਾ ਮ: ੧ ਪਟੀ, ਪੰਨਾ ੪੩੩

ਕਿਸਮਤ ਜਾਂ ਕਰਮ-ਫਲ ਨੂੰ ਇਸ ਤਰ੍ਹਾਂ ਬਦਲਿਆ ਜਾ ਸਕਦਾ ਹੈ ਕਿ ਅਸੀਂ ਆਪਣੀ ਮਰਜ਼ੀ ਦੇ ਕਰਮ ਕਰਨੇ ਜਾਂ ਬਣੇ ਹੋਏ ਸੁਭੱਾ ਦੇ ਮਗਰ ਤੁਰਨਾ ਛੱਡ ਦੇਈਏ ਤੇ ਗੁਰੂ ਦੇ ਦਸੇ ਹੋਏ ਕਰਮ ਕਰੀਏ ਤਾਂ ਸਾਨੂੰ ਪਹਿਲੇ ਕੀਤੇ ਹੋਏ ਕਰਮਾਂ ਦਾ ਫਲ ਵੀ ਨਹੀਂ ਭੋਗਣਾ ਪਵੇਗਾ। ਸਤਿਗੁਰ ਦੇ ਦਸੇ ਹੋਏ ਉਪਦੇਸ਼ ਤੇ ਤੁਰਨਾ ਹੀ ਕਰਮਾਂ ਤੋਂ ਛੁੱਟਣ ਦਾ ਜ਼ਰੀਆ ਹੈ :–

"ਕਿਰਤੁ ਨ ਕੋਈ ਮੇਟਣਹਾਰਾ।
ਗੁਰ ਕੈ ਸਬਦੇ ਮੋਖ ਦੁਆਰਾ ॥"
[ਪੰਨਾ ੧੦੫੨

ਹੋਰ ਕੋਈ ਚੀਜ਼ ਲੇਖ ਨਹੀਂ ਮੇਟ ਸਕਦੀ, ਪਰ ਗੁਰੂ ਦਾ ਉਪਦੇਸ਼ ਕਮਾਉਣ ਨਾਲ ਛੁਟਕਾਰਾ ਹੋ ਜਾਂਦਾ ਹੈ।

ਜਦੋਂ ਗੁਰੂ ਸਾਹਿਬ ਕਹਿੰਦੇ ਹਨ ਕਿ 'ਲੇਖ ਮਿਟ ਨਹੀਂ ਸਕਦੇ' ਤਾਂ ਉਨ੍ਹਾਂ ਦਾ ਭਾਵ ਇਹ ਹੁੰਦਾ ਹੈ ਕਿ ਸਾਡੇ ਆਪਣੇ ਯਤਨਾਂ ਨਾਲ ਕਿਸਮਤ ਨਹੀਂ ਬਦਲ ਸਕਦੀ, ਇਹਦੇ ਲਈ ਰੱਬ ਦੀ ਮਿਹਰ, ਗੁਰੂ ਦਾ ਮਿਲਾਪ ਤੇ ਗੁਰੂ ਦੇ ਦਸੇ ਹੋਏ ਉਪਦੇਸ਼ ਤੇ ਚਲਣਾ ਜ਼ਰੂਰੀ ਹੈ। ਰੱਬ ਨੇ ਸਾਨੂੰ ਇਕ ਹੱਦ ਤਕ ਤਾਕਤ ਬਖ਼ਸ਼ੀ ਹੈ। ਚਾਹੇ ਤਾਂ ਅਸੀਂ ਮਨ ਦੇ ਮਗਰ ਲੱਗ ਜਾਈਏ ਜਾਂ ਗੁਰੂ ਦੇ ਹੁਕਮ ਪਿਛੇ ਤੁਰ ਪਈਏ। ਜਿੰਨਾ ਚਿਰ ਮਨੁੱਖ ਮਨ ਦੇ ਮਗਰ ਲਗ ਕੇ ਕਰਮ ਕਰਦਾ ਰਹੇ, ਉਹ ਕਰਮ-ਜਾਲ ਜਾਂ ਕਰਮਾਂ ਦੇ ਸਿਟੇ ਅਰਥਾਤ ਕਿਸਮਤ ਤੋਂ ਨਹੀਂ ਬੱਚ ਸਕਦਾ। ਜਦੋਂ ਮਨੁੱਖ ਉਤੇ ਵਾਹਿਗੁਰੂ ਦੀ ਮਿਹਰ ਹੋ ਜਾਵੇ ਤੇ ਉਹ ਆਪਣੀ ਮਰਜ਼ੀ ਦੇ ਕਰਮ ਕਰਨੇ ਛੱਡ ਕੇ ਗੁਰੂ ਦੇ ਦਸੇ ਹੋਏ ਰਸਤੇ ਤੇ ਚਲਣ ਲਗ ਪਏ ਤਾਂ ਕਰਮਾਂ ਦੀ ਫਾਹੀ ਵਿਚੋਂ ਨਿਕਲ ਜਾਂਦਾ ਹੈ :–

"ਚੂਕਾ ਭਾਰਾ ਕਰਮ ਕਾ ਹੋਏ ਨਿਹਕਰਮਾ।
ਸਾਗਰ ਤੇ ਕੰਢੈ ਚੜੇ ਗੁਰਿ ਕੀਨੇ ਧਰਮਾ।"
[ਪੰਨਾ ੧੦੦੨

ਸੋ ਕੋਈ ਵੀ ਕਰਤਾਰ ਦੇ ਲਿਖੇ ਲੇਖ ਨਹੀਂ ਮਿਟਾ ਸਕਦਾ।

[ਨੋਟ–ਜੀਵ ਦੇ ਕਰਮਾਂ ਅਨੁਸਾਰ ਲਿਖੇ ਲੇਖ ਮੂਲੋਂ ਨਹੀਂ ਮਿਟਦੇ ਪਰ ਗੁਰੂ ਦੀ ਮਿਹਰ ਤੇ ਬਖ਼ਸ਼ਸ਼ ਪ੍ਰਾਪਤ ਹੋਣ ਤੇ ਸੂਲੀਓਂ ਕੰਡਾ ਬਣ ਕੇ ਨਾਮ-ਮਾਤਰ ਹੀ ਰਹਿ ਜਾਂਦੇ ਹਨ, ਜਿਵੇਂ ਕਿ ਗੁਰੂ ਪੰਚਮ ਪਾਤਸ਼ਾਹ ਜੀ ਨੇ ਮੰਡੀ ਸੁਕੇਤ ਦੇ ਰਾਜੇ ਦੇ ਲੇਖਾਂ ਅਨੁਸਾਰ ਚੰਡਾਲਾਂ ਦੇ ਘਰ ਜਨਮ ਲੈਣ ਦੇ ੧੨ ਵਰ੍ਹਿਆਂ ਦਾ ਚਕਰ, ਸੁਪਨੇ ਵਿਚ ਹੀ ਨਿਬੇੜ ਦਿਤਾ ਸੀ। ਇਹੋ ਸਪੱਸ਼ਟ ਅਰਥ ਹਨ ਇਸ ਤੁਕ ਦੇ–'ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥' –ਸੰਪਾਦਕ]


www.AKJ.Org

# 'ਸੁਥਰੇ' ਦੇ ਕੁਝ ਅਨਮੋਲ ਬਚਨ

[ ਵਲੋਂ — ਸਾਰੰਗ ਜੀ, ਕਪੂਰਥਲਾ ]

ਸੰਮਤ ੧੬੭੨, ਸੰਨ ੧੬੧੫ ਈਸਵੀ ਵਿਚ ਬਾਰਾਂ ਮੂਲੇ ਪਾਸ ਬਰਾਮ ਪੁਰ ਪਿੰਡ ਨਿਵਾਸੀ ਨੰਦੇ ਖਤ੍ਰੀ ਦੇ ਘਰ ਇਕ ਅਜੀਬ ਬਾਲਕ ਨੇ ਜਨਮ ਲਿਆ, ਜਿਸਦੇ ਜਨਮ ਸਮੇਂ ਮੂੰਹ ਵਿੱਚ ਦੰਦ ਸਨ। ਜੋਤਸ਼ੀਆਂ ਨੇ ਉਸਦੇ ਪਿਤਾ ਨੂੰ ਵਹਿਮ ਪਾਇਆ ਕਿ ਇਹ ਬਾਲਕ ਬਹੁਤ ਹੀ ਵਿਘਨਕਾਰੀ ਹੋਵੇਗਾ। ਇਸ ਪਰ ਨੰਦੇ ਖਤ੍ਰੀ ਨੇ ਆਪਣੇ ਕੁਝ ਦਿਨਾਂ ਦੇ ਬਾਲਕ ਨੂੰ ਕਿਸੇ ਸੜਕ ਦੇ ਕਿਕਾਰੇ ਰਖ ਦਿਤਾ। ਭਾਣੇ ਅੰਦਰ ਉਸ ਰਾਹ ਤੋਂ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ-ਯਾਤਰਾ ਦੀ ਵਾਪਸੀ ਸਮੇਂ ਲੰਘੇ। ਆਪ ਨੇ ਦਇਆ ਕਰ ਕੇ ਬਾਲਕ ਉਠਵਾ ਲਿਆ, ਅਤੇ ਬੜੇ ਜਤਨਾਂ ਨਾਲ ਪਾਲਿਆ। ਇਸ ਦਾ ਨਾਮ ਹਜ਼ੂਰ ਨੇ "ਸੁਥਰਾ" ਰਖਿਆ । ਇਸ ਤਰ੍ਹਾਂ ਇਹ ਗੁਰੂ-ਘਰ ਦਾ ਵਡਾ ਪ੍ਰੇਮੀ ਹੋਇਆ ਹੈ ਅਤੇ ਛੇਵੇਂ ਸਤਿਗੁਰਾਂ ਤੋਂ ਬਾਅਦ ਸ੍ਰੀ ਗੁਰੂ ਹਰਿ ਰਾਏ ਜੀ ਦੀ ਸੇਵਾ ਵਿਚ ਭੀ ਰਿਹਾ। (ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਗੁਰੁਸ਼ਬਦ ਰਤਨਕਾਰ ਦੇ ਆਧਾਰ ਤੇ)

ਸੁਥਰੇ ਦੇ ਨਾਂ ਨਾਲ ਸੰਬੰਧਤ ਕੁਝ ਕਥਾਵਾਂ ਗੁਰਸਿਖਾਂ ਅੰਦਰ ਸੀਨਾ-ਬਸੀਨਾ ਚਲੀਆਂ ਆਉਂਦੀਆਂ ਹਨ, ਜਿਨ੍ਹਾਂ ਵਿਚ ਗੁਰਮਤਿ ਦੇ ਗੋਹਝ-ਭਾਵ ਭਰੇ ਪਏ ਹਨ। ਕੁਝ ਕਥਾਵਾਂ ਹੇਠਾਂ ਦਿਤੀਆਂ ਜਾਂਦੀਆਂ ਹਨ । ਜਿਥੇ ਇਨ੍ਹਾਂ ਕਥਾਵਾਂ ਵਿਚ ਹਾਸ ਰਸ ਹੈ ਉਥੇ ਬੜੇ ਸਰਲ ਤਰੀਕੇ ਨਾਲ ਔਖੀ ਤੋਂ ਔਖੀ ਗੱਲ ਸਮਝਾਈ ਗਈ ਹੈ।

(੧) ਇਕੇਰਾਂ ਗੁਰੂ ਹਰਿ ਗੋਬਿੰਦ ਸਾਹਿਬ ਪਾਸ ਬੈਠਾ ਇਕ ਸਾਧੂ ਸੀਤਲ ਦਾਸ ਨਾਮੀ ਕੁਝ ਬਚਨ-ਬਿਲਾਸ ਕਰ ਰਿਹਾ ਸੀ। ਗੁਰੂ ਮਹਾਰਾਜ ਜੀ ਦੀ ਪਿਠ ਪਿਛੇ, ਸਾਧੂ ਦੇ ਸਾਹਮਣੇ ਸੁਥਰਾ ਬੈਠਾ ਸੀ । ਜਦੋਂ ਸਾਧੂ ਕੋਈ ਬਚਨ ਕਰਦਾ ਤਾਂ ਸੁਥਰਾ ਉਸ ਵਲ ਉਂਗਲਾਂ ਦੇ ਇਸ਼ਾਰੇ ਕਰ ਕੇ ਉਸ ਨੂੰ ਖਿਝਾਉਂਦਾ। ਕਿੰਨਾ ਚਿਰ ਇਸੇ ਤਰ੍ਹਾਂ ਹੁੰਦਾ ਰਿਹਾ । ਅਖ਼ੀਰ ਸਾਧੂ ਬਹੁਤ ਹੀ ਖਿਝ ਗਿਆ ਤੇ ਆਪੇ ਤੋਂ ਬਾਹਰਾ ਹੋ ਕੇ ਬੇਤਹਾਸ਼ਾ ਸਤਿਗੁਰਾਂ ਪਾਸ ਸ਼ਿਕਾਇਤ ਕੀਤੀ ਕਿ ਤੁਹਾਡਾ ਇਹ ਸਿੰਘ ਕਿਹੋ ਜਿਹਾ ਹੈ ਜੋ ਕਿੰਨੇ ਚਿਰ ਤੋਂ ਮੇਰੇ ਵਲ ਉਂਗਲਾਂ ਕਰ ਕਰ ਕੇ ਮਸਖਰੀਆਂ ਕਰੀ ਜਾਂਦਾ ਹੈ। ਸਤਿਗੁਰਾਂ ਪਿਛਾਂਹ ਤਕਿਆ ਤਾਂ ਭਾਈ ਸੁਥਰਾ ਜੀ ਬੈਠੇ ਸਨ । ਪੁਛਿਆ ਨੇ, ਭਾਈ ਸੁਥਰਿਆ ! ਕੀ ਗੱਲ ਹੈ ? ਸਾਧੂ ਕੀ ਆਖਦਾ ਹੈ ? ਤਾਂ ਨਿਮਰੀਭੂਤ ਹੋ ਕੇ ਭਾਈ ਸੁਥਰਾ ਜੀ ਨੇ ਉਤਰ ਦਿਤਾ, ਮ਼ਹਾਰਾਜ, ਮੈਂ ਤਾਂ ਉਂਗਲ ਨਾਲ ਅੱਗ ਫਰੋਲ ਰਿਹਾ ਸਾਂ ਤੇ ਵੇਖ ਰਿਹਾ ਸਾਂ ਕਿ ਵਾਕਈ ਸੀਤਲ ਦਾਸ ਹੈ ਜਾਂ ਕਿ ਭਬੂਕਾ ਦਾਸ । ਇਹ ਸੁਣ ਕੇ ਸਾਧੂ ਦੀਆਂ ਅਖਾਂ ਨੀਵੀਆਂ ਹੋ ਗਈਆਂ ਤੇ ਅਗੋਂ ਕੁਝ ਨਾ ਬੋਲ ਸਕਿਆ।

ਸੁਥਰੇ ਦੀ ਇਹ ਘਟਨਾ ਦ੍ਰਿੜ੍ਹ ਕਰਾਉਂਦੀ ਹੈ ਕਿ—

ਦਿਲਹੁ ਮੁਹਬਤਿ ਜਿੰਨ੍ ਸੇਈ ਸਕਿਆ॥
ਜਿਨ੍ ਮਨਿ ਹੋਰੁ ਮੁਖਿ ਹੋਰੁ, ਸੇ ਕਾਂਢੇ ਕਚਿਆ॥
[ਪੰਨਾ ੪੮੮

(੨) ਇਕ ਵਾਰੀ ਗੁਰੂ ਕਾ ਇਕ ਸਿਖ ਸੋਦਰ ਦਾ ਪਾਠ ਕਰ ਰਿਹਾ ਸੀ। ਸੋਦਰ ਦੀ ਪਉੜੀ ਉਚੀ ਉਚੀ ਪੜ੍ਹ ਰਿਹਾ ਸੀ। ਕੋਲ ਹੀ ਸੁਥਰਾ ਬੈਠਾ ਪਾਠ ਸੁਣ ਰਿਹਾ ਸੀ। ਉਸ ਪ੍ਰੇਮੀ ਦੀ ਬਿਰਤੀ ਪਾਠ ਕਰਦਿਆਂ ਕਿਤੇ ਖਿੰਡ ਗਈ, ਤੇ ਪੜ੍ਹ ਰਿਹਾ ਸੀ —

ਗਾਵਨਿ ਤੁਧਨੋ ਜੋਧ ਮਹਾ ਬਲ ਸੂਰਾ,
ਗਾਵਨਿ ਤੁਧਨੋ ਖਾਣੀ ਚਾਰੇ॥

ਸੁਥਰੇ ਨੇ ਪਾਠ ਕਰਦਿਆਂ ਨੂੰ ਮਖ਼ੌਲ ਕੀਤਾ—

"ਤੈਨੂੰ ਕੀ ?"

ਫਿਰ ਉਸ ਪ੍ਰੇਮੀ ਨੇ ਪੜ੍ਹਿਆ—

ਗਾਵਨਿ ਤੁਧਨੋ ਖੰਡ ਮੰਡਲ ਬ੍ਰਹਮੰਡਾ,
ਕਰਿ ਕਰਿ ਰਖੇ ਤੇਰੇ ਧਾਰੇ॥

ਸੁਥਰੇ ਨੇ ਫੇਰ ਠਿਠ ਕੀਤੀ—

"ਫੇਰ ਤੈਨੂੰ ਕੀ ?"

ਉਸ ਫੇਰ ਪੜ੍ਹਿਆ—

"ਸੇਈ ਤੁਧਨੋ ਗਾਵਨਿ, ਜੋ ਤੁਧੁ ਭਾਵਨਿ,
ਰਤੇ ਤੇਰੇ ਭਗਤ ਰਸਾਲੇ॥

ਸੁਥਰੇ ਫਿਰ ਦੁਹਰਾਇਆ—ਤੈਨੂੰ ਕੀ !

www.AKJ.Org

ਉਸ ਨੇ ਫੇਰ ਅਗਲੀ ਤੁਕ ਪੜ੍ਹੀ—

ਹੋਰਿ ਕੇਤੇ ਤੁਧਨੋ ਗਾਵਨਿ ਸੇ ਮੈ ਚਿਤਿ ਨ ਆਵਨਿ, ਨਾਨਕੁ ਕਿਆ ਬੀਚਾਰੇ ॥

ਸੁਥਰੇ ਤੋਂ ਨਾ ਰਹਿਆ ਗਿਆ ਤੇ ਕਿਹਾ—

"ਫੇਰ ਤੂ ਕੀ ਲੈਣਾ ਏ ?"

ਪ੍ਰੇਮੀ ਕੁਝ ਭੀ ਨਾ ਬੋਲਿਆ। ਪਾਠ ਦੀ ਸਮਾਪਤੀ ਹੋਈ। ਅਗਲੇ ਦਿਨ ਸਵੇਰ ਦੇ ਦੀਵਾਨ ਤੋਂ ਬਾਅਦ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਪਾਸ ਸੁਥਰੇ ਦੀ ਪੇਸ਼ੀ ਪੈ ਗਈ। ਮਹਾਰਾਜ ਜੀ ਨੇ ਪੁਛਿਆ, "ਸੁਥਰਿਆ, ਇਹ ਕੀ ਕਹਿੰਦੇ ਹਨ ?" ਸੁਥਰੇ ਨੇ ਬੜੀ ਨਿੰਮਰਤਾ ਨਾਲ ਉਤਰ ਦਿਤਾ, "ਮਹਾਰਾਜ, ਇਹ ਪ੍ਰੇਮੀ ਪਾਠ ਕਰਦਾ ਸੀ। ਇਸਦੀ ਬਿਰਤੀ ਪਾਠ ਵਿਚ ਨਹੀਂ ਸੀ, ਮੈਂ ਇਸ ਨੂੰ ਇਹੀ ਕਿਹਾ ਸੀ ਕਿ ਜੋਧੇ, ਬਲੀ, ਸੂਰਮੇ, ਚਾਰੇ ਖਾਣੀਆਂ ਦੇ ਜੀਵ, ਖੰਡ ਮੰਡਲ, ਬ੍ਰਹਮੰਡ ਆਦਿ ਸਭ ਵਾਹਿਗੁਰੂ ਜੀ ਦੇ ਗੁਣ ਗਾਉਂਦੇ ਹਨ, ਪਰ ਤੂੰ ਨਹੀਂ ਗਾ ਰਿਹਾ, ਫਿਰ ਤੈਨੂੰ ਕੀ ?" ਇਹ ਸੁਣ ਕੇ ਸਾਰੇ ਹਸ ਪਏ।

(੩) ਇਸ ਤਰ੍ਹਾਂ ਇਕ ਵਾਰੀ ਛੇਵੀਂ ਪਾਤਸ਼ਾਹੀ ਦੀ ਹਜ਼ੂਰੀ ਵਿਚ ਦੀਵਾਨ ਲਗਾ ਹੋਇਆ ਸੀ। ਰਾਗੀ ਸਿੰਘ ਕੀਰਤਨ ਕਰ ਰਹੇ ਸਨ। ਸੁਥਰਾ ਪਹਿਲਾਂ ਤਾਂ ਕਾਫ਼ੀ ਸਮਾਂ ਬੈਠਾ ਕੀਰਤਨ ਸੁਣਦਾ ਰਿਹਾ। ਪਰ ਫਿਰ ਅਚਾਨਕ ਕੀਰਤਨ ਵਲ ਪਿਠ ਕਰ ਕੇ ਬੈਠ ਗਿਆ। ਕਿਸੇ ਨੇ ਉਠਾਇਆ ਨਹੀਂ। ਸਾਰੇ ਸਤਿਕਾਰ ਕਰਦੇ ਸਨ। ਪਰ ਗੱਲ ਬੜੀ ਅਨਹੋਣੀ ਸੀ। ਦੀਵਾਨ ਦੀ ਸਮਾਪਤੀ ਹੋਈ। ਸੰਗਤ ਨੇ ਗੁਰੂ ਮਹਾਰਾਜ ਨੂੰ ਬੇਨਤੀ ਕੀਤੀ ਕਿ ਸੁਥਰੇ ਨੇ ਅਜ ਇਕ ਬੜੀ ਭਾਰੀ ਗੁਸਤਾਖ਼ੀ ਕੀਤੀ ਹੈ। ਇਸ ਤੋਂ ਪੁਛ ਗਿਛ ਕੀਤੀ ਜਾਵੇ।

ਪਰ ਸਹਿਜ ਨਾਲ ਦੀਵਾਨ ਦੀ ਸਮਾਪਤੀ ਤੇ ਹੀ ਉਸ ਤੋਂ ਸਤਿਗੁਰਾਂ ਨੇ ਪੁਛਿਆ, "ਸੁਥਰਿਆ! ਅਜ ਕੀ ਗੱਲ ਸੀ ? ਕੀਰਤਨ ਵਲ ਪਿਠ ਕਰ ਲਈ ਸੀ ?"

ਉਤਰ ਵਿਚ ਬੇਨਤੀ ਕੀਤੀ, "ਮਹਾਰਾਜ, ਅਜ ਦੇ ਕੀਰਤਨ ਦੀਆਂ ਚੋਟਾਂ, ਚਪੇੜਾਂ ਪਹਿਲਾਂ ਤਾਂ ਮੇਰੇ ਮੂੰਹ ਤੇ ਪੈਂਦੀਆਂ ਰਹੀਆਂ। ਫਿਰ ਮੈਥੋਂ ਬਰਦਾਸ਼ਤ ਨਾ ਹੋਈਆਂ ਤਾਂ ਮੈਂ ਬਾਕੀ ਦੇ ਸਮੇਂ ਕੀਰਤਨ ਦੀਆਂ ਚੋਟਾਂ ਆਪਣੀ ਪਿਠ ਤੇ ਖਾਂਦਾ ਰਿਹਾ।"

ਕੀਰਤਨ ਵਿਚ ਸਾਨੂੰ ਚਪੇੜਾਂ ਪੈਂਦੀਆਂ ਹਨ। ਪਰ ਅਸੀਂ ਢੀਠ ਹਾਂ।......... ਸਾਨੂੰ ਪਤਾ ਹੀ ਨਹੀਂ ਲਗਦਾ।

ਅਨ ਕਾਇ ਰਾਤੜਿਆ, ਵਾਟ ਦੁਹੇਲੀ ਰਾਮ ॥
ਪਾਪ ਕਮਾਵਦਿਆ, ਤੇਰਾ ਕੋਇ ਨ ਬੇਲੀ ਰਾਮ ॥

[ਪੰਨਾ ਪ੪੬

# ਬਸਾਂ ਰਾਹੀ ਗੁਰ-ਧਾਮ ਯਾਤਰਾ

੧੫ ਜਨਵਰੀ ੧੯੭੫ ਨੂੰ ਦੋ ਬਸਾਂ ਅਖੰਡ ਕੀਰਤਨ ਜੱਥੇ ਦੇ ਮੁਖੀ ਕੀਰਤਨੀ ਅਤੇ ਕੁਝ ਜੱਥੇ ਦੇ ਪਰਵਾਰਾਂ ਸਮੇਤ ਗੁਰਦਵਾਰਾ ਸਚਖੰਡ ਸ੍ਰੀ ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਦੀ ਯਾਤਰਾ ਲਈ ੩੦ ਦਿਨਾਂ ਲਈ ਚਲਣਗੀਆਂ। ਕਲਕੱਤੇ ਦੀਆਂ ਸੰਗਤਾਂ ਤੋਂ ਕਈ ਹੁਕਮ ਪੁਜੇ ਹਨ ਕਿ ਇਹ ਜੱਥਾ ਉਥੇ ਵੀ ਜਾ ਕੇ ਕੀਰਤਨ ਦੀ ਸੇਵਾ ਕਰੇ, ਇਸ ਲਈ ਕਲਕੱਤਾ ਵੀ ਇਸ ਪ੍ਰੋਗਰਾਮ ਵਿਚ ਸ਼ਾਮਲ ਕੀਤਾ ਗਿਆ ਹੈ। ਰਸਤੇ ਵਿਚ ਜਿਹੜੇ ਸ਼ਹਿਰਾਂ ਵਿਚ ਕੀਰਤਨ ਅਤੇ ਅੰਮ੍ਰਿਤ-ਸਿੰਚਾਰ ਦੇ ਸਮਾਗਮ ਰਖਣੇ ਹੋਣ ਉਥੋਂ ਦੇ ਸਥਾਨਕ ਪ੍ਰਬੰਧਕ ਦਾਸ ਨੂੰ ਜਲਦੀ ਸੂਚਿਤ ਕਰਨ। ਇਕ ਵਾਰ ਪ੍ਰੋਗਰਾਮ ਬਣ ਜਾਣ ਤੇ, ਫਿਰ ਉਸ ਵਿਚ ਅਦਲਾ ਬਦਲੀ ਨਹੀਂ ਹੋ ਸਕੇਗੀ।

ਸੰਗਤਾਂ ਦਾ ਚਰਨ ਸੇਵਕ—ਹਰਿਚਰਨ ਸਿੰਘ
੨੨੬, ਸੈਕਟਰ ੨੧ਏ, ਚੰਡੀਗੜ੍ਹ, (ਟੈਲੀਫ਼ੂਨ ੨੮੯੩੮)

# ਗੁਰਪੁਰਬ ਪੋਹ ਸੁਦੀ ਸਪਤਮੀ

ਐਤਕੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਉਤਸਵ ਗੁਰਪੁਰਬ ੧੯ ਜਨਵਰੀ ੧੯੭੫ ਐਤਵਾਰ ਨੂੰ ਹੈ। ਸਰਬ ਅਖੰਡ ਕੀਰਤਨੀ ਜੱਥਿਆਂ ਵਲੋਂ ਇਹ ਗੁਰਪੁਰਬ ਗੁਰਦੁਆਰਾ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ ਵਿਖੇ ਹਰ ਸਾਲ ਵਾਂਗ ਮਨਾਇਆ ਜਾਵੇਗਾ। ਵੇਰਵੇ ਸਹਿਤ ਪ੍ਰੋਗਰਾਮ ਅਗਲੇ ਪਰਚੇ ਵਿਚ ਦਿਤਾ ਜਾਵੇਗਾ।

www.AKJ.Org

# ਸਿਰੀ ਬੀਬੀ ਹਰਬੰਸ ਕੌਰ

[ ਵਲੋਂ — ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਇਹ ਹੈ ਅਸਾਡੇ ਗੁਰਪੁਰੀ ਨਿਵਾਸੀ ਧਰਮ-ਧੁਰੰਧਰੀ ਵੀਰ ਸਿਰੀ ਮਾਨ ਸਰਦਾਰ ਜੋਗਿੰਦਰ ਸਿੰਘ ਜੀ ਰਾਏ ਪੁਰੀਏ ਦੀ ਧਰਮ ਸੁਪਤਨੀ ਦਾ ਸੰਖੇਪ ਜੀਵਨ ਚਰਿਤਰ :—

ਇਹ ਬੀਬੀ ਦਾਊਦਪੁਰ ਵਿਖੇ ਇਕ ਪੁਸ਼ਤੋ ਪੁਸ਼ਤੀ ਸਿਖ ਘਰਾਣੇ ਵਿਚ ਪੈਦਾ ਹੋਈ। ਇਨ੍ਹਾਂ ਦੇ ਚਾਚਾ ਜੀ ਸਿਰੀ ਮਾਨ ਸੰਤ ਹੀਰਾ ਸਿੰਘ ਜੀ, ਜੋ ਇਸ ਜਥੇ ਦੇ ਧਰਮੱਗ ਰੁਕਨ ਰਹੇ ਹਨ, ਬੜੇ ਹੀ ਉਚ ਕਮਾਈਆਂ ਵਾਲੇ, ਗੁਰਮਤਿ ਭਗਤੀ-ਭਾਉ ਦੇ ਖ਼ਾਸ ਨਮੂਨੇ ਸਨ। ਉਨ੍ਹਾਂ ਦੇ ਹਥਾਂ ਵਿਚ ਹੀ ਇਹ ਹੋਣਹਾਰ ਭੁਜੰਗਣ ਜਨਮੀ, ਪਲੀ ਤੇ ਉਨ੍ਹਾਂ ਦੀ ਧਾਰਮਿਕ ਜੀਵਨੀ ਦਾ ਆਤਮ ਐਜੀ ਸਤਿਸੰਗ ਵਾਲਾ ਗੂਹੜਾ ਅਸਰ ਬਾਲਪਨ ਤੋਂ ਹੀ ਇਸ ਭੁਜੰਗਣ ਦੇ ਜੀਵਨ ਤੇ ਪੈਂਦਾ ਰਿਹਾ। ਭੁਜੰਗਣ ਦੇ ਜਨਮ ਲੈਣ ਸਾਰ ਹੀ ਸੰਤ ਸਰੂਪ ਇਸੇ ਭਾਈ ਹੀਰਾ ਸਿੰਘ ਜੀ ਦੇ ਮੁਖਾਰਬਿੰਦ ਤੇ ਸੁਤੇ ਸੁਭਾ ਹੀ ਇਹ ਬਚਨ ਸੁਫੁਰਨ ਹੋਇਆ :—'ਕਿ ਇਹ ਬੱਚੀ ਬੜੇ ਹੀ ਧਰਮੱਗ ਜੀਵਨ ਵਾਲੀ ਹੋਵੇਗੀ ਤੇ ਸਿੱਖੀ ਸਿਦਕ ਦਾ ਖ਼ਾਸ ਨਮੂਨਾ ਹੋਵੇਗੀ।'

ਜਦੋਂ ਇਹ ਭੁਜੰਗਣ ਯੁਵਕ ਅਵਸਥਾ ਨੂੰ ਪ੍ਰਾਪਤ ਹੋਈ ਤਾਂ ਸੰਤ ਭਾਈ ਹੀਰਾ ਸਿੰਘ ਜੀ ਦੀ ਪ੍ਰੇਰਨਾ ਨਾਲ ਇਸ ਭੁਜੰਗਣ ਦਾ ਅਨੰਦ ਕਾਰਜ ਪੂਰਨ ਗੁਰਮਤਿ ਅਨੁਸਾਰ ਸ੍ਰੀ ਮਾਨ ਭਾਈ ਜੋਗਿੰਦਰ ਸਿੰਘ ਜੀ ਨਾਲ ਹੋਇਆ। ਭਾਈ ਜੋਗਿੰਦਰ ਸਿੰਘ ਜੀ ਜਿਸ ਨਮੂਨੇ ਦੇ ਪ੍ਰੇਮ-ਪੁਤਲੇ ਤੇ ਗੁਰਮਤਿ ਜੀਵਨ ਵਾਲੇ ਹੋਏ ਹਨ, ਇਹ ਸਮਾਚਾਰ ਤਾਂ ਉਨ੍ਹਾਂ ਦੇ ਜੀਵਨ ਬ੍ਰਿਤਾਂਤ ਵਿਚ ਲਿਖਿਆ ਜਾਵੇਗਾ। ਸਿਰੀ ਮਤੀ ਭੈਣ ਹਰਬੰਸ ਕੌਰ ਜੀ ਦੇ ਬੜੇ ਉਤਮ ਭਾਗ ਹਨ ਕਿ ਉਨ੍ਹਾਂ ਦਾ ਸੰਜੋਗ ਸਿਰੀ ਮਾਨ ਭਾਈ ਜੋਗਿੰਦਰ ਸਿੰਘ ਜੀ ਨਾਲ ਹੋਇਆ।

ਗੁਰਮਤਿ ਸੰਜੋਗਤਿ ਇਸ ਦੰਪਤੀ ਦਾ ਮਾਇਆ ਕਰ ਕੇ ਚਾਹੇ ਬੜਾ ਹੀ ਗਰੀਬੀ ਵਾਲਾ ਹਾਲ ਸੀ, ਪ੍ਰੰਤੂ ਨਾਮ ਰੂਪੀ ਸਚੇ ਧਨ ਨਾਲ ਮਾਲਾ ਮਾਲ ਤੇ ਨਿਹਾਲੋ ਨਿਹਾਲ ਸਨ। ਪ੍ਰਮਾਰਥਕ ਹਰਿਆ ਭਰਿਆ ਜੀਵਨ ਜੈਸਾ ਕਿ ਸੁਭਾਗ ਜੋੜੀ ਨੇ ਬਤੀਤ ਕੀਤਾ ਹੈ, ਉਹ ਆਪਣੀ ਨਜ਼ੀਰ ਆਪ ਹੀ ਸੀ। ਗੁਰੂ-ਘਰ ਵਿਚ ਆਵਣ ਸਾਰ ਹੀ, ਖੰਡੇ ਦਾ ਅੰਮ੍ਰਿਤ ਛਕਣ ਸਾਰ ਹੀ ਇਨ੍ਹਾਂ ਦੋਹਾਂ (ਨਾਰ ਭਤਾਰ) ਦੀ ਬ੍ਰਿਤੀ ਅਖੰਡਾਕਾਰ ਹੋ ਗਈ ਸੀ ਅਤੇ ਅਖੰਡਾਕਾਰ ਹੀ ਰਹੀ। ਨਿਰੰਕਾਰੀ ਨਾਮ ਦੀ ਪਰਾਇਣਤਾ ਤੇ ਪਰਬਲਤਾ ਨਾਲ ਸੰਸਾਰਾ-ਕਾਰ ਸੁਰਤੀ ਇਨ੍ਹਾਂ ਨੂੰ ਕਦੇ ਉਪਜਦੀ ਹੀ ਨਹੀਂ ਸੀ। ਸਿਰੀ ਭੈਣ ਹਰਬੰਸ ਕੌਰ ਜੀ ਨੇ ਗੁਰਮਤਿ ਸੰਜੋਗੀ ਜੀਵਨ ਧਾਰਨ ਕਰਨ ਸਾਰ ਹੀ ਹਰ ਪ੍ਰਕਾਰ ਘਰੋਗੀ ਪ੍ਰਬੰਧ ਨੂੰ ਐਸਾ ਸੰਭਾਲਿਆ ਕਿ ਦਿਨਾਂ ਵਿਚ ਹੀ ਨੌਂ ਨਿਧਾਂ, ਬਾਰ੍ਹਾਂ ਸਿੱਧਾਂ ਹੋ ਗਈਆਂ। ਗਰੀਬੀ ਪਲਟ ਕੇ ਰਾਜ ਭਾਗ ਦੀ ਲਹਿਰ ਬਹਿਰ ਵਰਤ ਗਈ, ਦਿਨਾਂ ਵਿਚ ਹੀ ਇਨ੍ਹਾਂ ਦੇ ਪਤੀ ਜੋਗਿੰਦਰ ਸਿੰਘ ਜੀ ਪਟਿਆਲੇ ਰਿਆਸਤ ਵਿਚ ਬੜੀਆਂ ਬੜੀਆਂ ਖੂਬੀਆਂ ਦੇ ਮਮਤਾਜ਼ ਰਹੇ। ਮਾਇਕ ਗਰੀਬੀ ਭਾਵੇਂ ਦੂਰ ਹੋ ਗਈ ਸੀ ਪ੍ਰੰਤੂ ਦਿਲ ਦੀ ਗਰੀਬੀ "ਗੁਰਮਤਿ ਰਿਦੇ ਗਰੀਬੀ ਆਵੈ" ਦੇ ਮਹਾਂਵਾਕ ਅਨੁਸਾਰ ਐਸ਼੍ਵਰਜ ਦੇ ਹੁੰਦਿਆਂ ਭੀ ਸਦਾ ਕਾਇਮ ਰਹੀ। ਸਿਰੀ ਭੈਣ ਹਰਬੰਸ ਕੌਰ ਜੀ ਰਹਿਤ ਬਹਿਤ, ਗੁਰਸਿਖੀ ਵਾਲੀ ਰਹਿਣੀ ਬਹਿਣੀ ਕਹਿਣੀ ਦੇ ਖ਼ਾਸ ਨਮੂਨੇ ਸਨ। ਸੀਸ ਉਤੇ ਸੁਰਮਈ ਰੰਗ ਦੀ ਦਸਤਾਰ ਸਜਾਣ ਦਾ ਭਰੋਸਾ ਭਰਿਆ ਸਿਦਕ ਨਮੂਨਾ, ਸਾਰੀਆਂ ਸੰਗਤਾਂ ਵਿਚ ਉਨ੍ਹਾਂ ਦਾ ਪ੍ਰਸਿਧ ਸੀ। ਸਰੀਰਕ ਡੌਲ ਰਿਸ਼ਟ ਪੁਸ਼ਟ ਸਿੰਘਣੀਆਂ ਵਾਲੀ ਸੀ, ਸੀਸ ਸ਼ੋਭ ਸਜੀ ਦਸਤਾਰ ਨਾਲ ਉਨ੍ਹਾਂ ਦਾ ਖ਼ਾਲਸਈ ਰੋਹਬ ਵਾਲਾ ਚੇਹਰਾ ਉਚ ਧਰਮਗਤਾ ਦਾ ਨਜ਼ਾਰਾ ਪੇਸ਼ ਕਰਦਾ ਸੀ।

ਘਰ ਬਾਹਰ ਦਾ ਸਾਰਾ ਕਾਰਜ ਆਪ ਅਤੇ ਆਪਣੀ ਨਿਗਰਾਨੀ ਵਿਚ ਨਜਿੱਠਣਾ। ਹਰ ਛਿਨ ਨਾਮ ਬਾਣੀ ਦੀ ਧੁਨੀ ਕੰਮ ਕਾਜ ਕਰਦਿਆਂ, ਤੁਰਦਿਆਂ ਫਿਰਦਿਆਂ ਸੁਤੇ ਹੀ ਮੁਖੋਂ ਧੁਨੀਅਤ ਹੁੰਦੀ ਰਹਿਣੀ। ਗੁਰਮਤਿ ਰਹਿਣੀ ਬਹਿਣੀ ਦਾ ਇਤਨਾ ਪ੍ਰਬਲ ਸਿਦਕ-ਭਰੋਸਾ ਗੁਰੂ ਘਰ ਦੀ ਕਿਸੇ ਹੋਰ ਬੀਬੀ ਭੈਣ ਪੁਰ ਅਸੀਂ

www.AKJ.Org

ਨਹੀਂ ਦੇਖਿਆ। ਹਮੇਸ਼ਾ ਸੁਕੇਸ਼ੀ ਇਸ਼ਨਾਨ ਕਰਦੇ ਹੁੰਦੇ ਸਨ। ਇਸ਼ਨਾਨ ਦਾ ਨਿਯਮ ਤਾਂ ਉਨ੍ਹਾਂ ਨੇ ਪ੍ਰਸੂਤ ਸਮੇਂ (ਸੰਤਾਨ ਉਤਪਤੀ ਸਮੇਂ) ਵੀ ਨਹੀਂ ਛਡਿਆ। ਬੱਚਾ ਬੱਚੀ ਪੈਦਾ ਹੋਣ ਸਾਰ ਹੀ ਉਸੇ ਦਿਨ ਇਸ਼ਨਾਨ ਕਰ ਲੈਣਾ। ਡਾਕਟਰ ਆਦਿਕ ਚਾਹੇ ਕਿਤਨਾ ਹੀ ਕਹਿਣ। ਉਨ੍ਹਾਂ ਨੇ ਕਦੇ ਆਪਣਾ ਨਿਯਮ ਨਿਬਾਹੁਣ ਤੋਂ ਨਾ ਟਲਣਾ। ਇਸ ਸਿਦਕ ਭਰੋਸੇ ਦਾ ਇਹ ਪ੍ਰਤਾਪ ਸੀ ਕਿ ਉਨ੍ਹਾਂ ਦੀ ਸਿਹਤ ਨੂੰ ਕਦੇ ਵੀ ਤੱਤੀ ਵਾਉ ਦਾ ਝੋਲਾ ਝਮਕਾ ਨਹੀਂ ਵਜਿਆ। ਸੰਗਤਾਂ ਦੀ ਸੇਵਾ ਦਾ ਚਾਉ ਪਰਲੇ ਦਰਜੇ ਦਾ ਸੀ, ਲੰਗਰ ਹਰ ਵਕਤ ਚਲਦਾ ਰਹਿੰਦਾ ਸੀ। ਆਪਣੇ ਹੱਥੀਂ ਲੰਗਰ ਸਜਾਣਾ, ਵਰਤਾਉਣਾ, ਸਾਰੇ ਪ੍ਰਵਾਰ ਨੂੰ ਵੀ ਸਰਚਾਉਣਾ, ਆਈਆਂ ਸੰਗਤਾਂ ਨੂੰ ਭੁੰਚਾਇ ਕੇ ਸੰਤੁਸ਼ਟ ਕਰ ਦੇਣਾ। ਉਸ ਮੁਬਾਰਕ ਹਥੋਂ ਵਰਤੇ ਵਰਤਾਏ ਭਾਂਡੇ ਵਿਚ ਕਦੇ ਤੋਟ ਨਹੀਂ ਆਉਂਦੀ ਸੀ। ਭਜਨ ਅਤੇ ਭਜਨੀਕ ਸਿੰਘ ਦੀਆਂ ਰਮਜ਼ਾਂ ਪਛਾਨਣ ਵਿਚ ਬੜੇ ਹੀ ਪ੍ਰਬੀਨ ਸਨ।

ਇਕ ਵਾਰ ਦਾ ਜ਼ਿਕਰ ਹੈ ਕਿ ਸਹਿਜ ਜੋਗੀ ਅਵਧੂਤ ਬਿਰਤੀਸ਼ਰ ਗੁਰਮੁਖ ਪਿਆਰੇ ਭਾਈ ਆਤਮਾ ਸਿੰਘ ਜੀ ਮੋਗਾ ਨਿਵਾਸੀ ਨੂੰ ਆਪਣੇ ਹੱਥੀਂ ਸਜਾਇਆ ਅੰਮ੍ਰਿਤ ਦਾ ਭੋਜਨ ਭੁੰਚਾ ਰਹੇ ਸਨ ਕਿ ਭੋਜਨ ਛਕਦੇ ਛਕਦੇ ਸਿਰੀ ਭਾਈ ਆਤਮਾ ਸਿੰਘ ਜੀ ਦੀ ਸੁਰਤੀ ਐਸੀ ਟਿਕੀ ਕਿ ਉਹ ਭੋਜਨ ਭੁੰਚਣਾ ਹੀ ਭੁਲ ਗਏ। ਮੁਖ ਵਿਚ ਗਰਾਹੀ ਪਾਉਣ ਹੀ ਨਾ ਅਤੇ ਐਵੇਂ ਮਚਾਕੇ ਮਾਰੀ ਜਾਣ। ਅਖੀਆਂ ਟਟਾਰੇ ਲੱਗੀਆਂ ਹੋਈਆਂ, ਚਿਹਰੇ ਤੇ ਨੂਰ ਦਾ ਖਿੜਾਓ ਛਾਇਆ ਹੋਇਆ। ਪਾਸ ਬੈਠੇ ਭਾਈ ਜੋਗਿੰਦਰ ਸਿੰਘ ਜੀ ਨੇ ਹੈਰਾਨ ਹੋ ਕੇ ਸਿਰੀ ਭੈਣ ਹਰਬੰਸ ਕੌਰ ਜੀ ਨਿਜ ਸੁਪਤਨੀ ਤੋਂ ਪੁਛਿਆ ਕਿ ਇਹ ਗੁਰਮੁਖ ਪਿਆਰੇ ਕੀ ਕੌਤਕ ਵਰਤਾ ਰਹੇ ਹਨ ਕਿ ਮੁਖ ਵਿਚ ਪ੍ਰਸ਼ਾਦ ਪਾਉਂਦੇ ਹੀ ਨਹੀਂ, ਪ੍ਰੰਤੂ ਐਸਾ ਪ੍ਰਤੀਤ ਹੁੰਦਾ ਹੈ ਕਿ ਅਜ਼ਗੈਬੀ ਛਾਦਾ ਭੁੰਚ ਰਹੇ ਹਨ। ਸਿਰੀ ਭੈਣ ਹਰਬੰਸ ਕੌਰ ਨੇ ਉਤਰ ਵਿਚ ਆਖਿਆ ਕਿ ਹੈਰਾਨੀ ਵਾਲੀ ਕਿਹੜੀ ਗੱਲ ਹੈ, ਨਾਰੰਗਵਾਲ ਬੈਠੇ ਭਾਈ ਰਣਧੀਰ ਸਿੰਘ ਜੀ ਇਨ੍ਹਾਂ ਨੂੰ ਗੱਫੇ ਛਕਾ ਰਹੇ ਹਨ। ਇਹ ਬਚਨ ਸੁਣ ਕੇ ਭਾਈ ਜੋਗਿੰਦਰ ਸਿੰਘ ਜੀ ਨੇ ਉਹ ਵੇਲਾ ਨੋਟ ਕਰ ਲਿਆ, ਐਨ ਉਸੇ ਸਮੇਂ ਇਧਰ ਨਾਰੰਗਵਾਲ ਇਹ ਵਰਤਾਰਾ ਵਰਤਿਆ ਕਿ ਸਾਡੀ ਸਾਥਣ ਸਿਰੀ ਮਤੀ ਕਰਤਾਰ ਕੌਰ ਜੀ ਨੇ ਪ੍ਰੇਮ-ਭੋਜਨ ਪ੍ਰਸ਼ਾਦ ਸਾਡੇ ਛਕਣ ਲਈ ਅਗੇ ਰਖਿਆ। ਮੈਂਡੇ ਮੁਖ ਵਿਖੇ ਇਕ ਦੋ ਗਰਾਹੀਆਂ ਹੀ ਗਈਆਂ ਹੋਣਗੀਆਂ ਕਿ ਨਿਜ ਛਕਣ-ਛਕਾਈ ਵਲੋਂ ਤਾਂ ਮੁਖ ਮੁੜ ਗਿਆ, ਹੱਥ ਹਿਲਾਈ ਅਜੇ ਹੋਈ ਜਾਵੇ। ਇਹ ਕੌਤਕ ਵੇਖ ਕੇ ਮੈਂਡੀ ਮਾਈ (ਜੋ ਪਾਸ ਬੈਠੀ ਸੀ) ਕਰਤਾਰ ਕੌਰ ਜੀ ਤੋਂ ਪੁਛਣ ਲਗੀ, ਕਿ ਕੀ ਵਰਤਾਰਾ ਵਰਤ ਰਿਹਾ ਹੈ, ਮੇਰੀ ਸਮਝ ਵਿਚ ਨਹੀਂ ਆਉਂਦਾ। ਸਿਰੀ ਭੈਣ ਹਰਬੰਸ ਕੌਰ ਸਮਾਨ ਗੋਝ-ਰਮਜ਼ਾਂ ਬੁਝਣਹਾਰੀ ਸਿਰੀ ਮਤੀ ਕਰਤਾਰ ਕੌਰ ਜੀ ਨੇ ਤਤਕਾਲ ਹੀ ਉਤਰ ਦੇ ਕੇ ਮਾਈ ਜੀ ਦੀ ਨਿਸ਼ਾ ਕਰ ਦਿਤੀ, "ਕਿ ਹੈਰਾਨੀ ਵਾਲੀ ਕਾਹਦੀ ਗੱਲ ਹੈ, ਇਹ ਤਾਂ ਇਸ ਸਮੇਂ ਆਪਣੇ ਸਰਬ-ਲੋਹੀ ਬਾਟੇ ਦੇ ਸਾਂਝੀਵਾਲ ਭਾਈ ਆਤਮਾ ਸਿੰਘ ਜੀ ਨੂੰ, ਜੋ ਪਟਿਆਲੇ ਵਿਖੇ ਸ: ਜੋਗਿੰਦਰ ਸਿੰਘ ਦੇ ਘਰ ਭੈਣ ਹਰਬੰਸ ਕੌਰ ਜੀ ਪਾਸ ਬੈਠੇ ਹਨ, ਗਫੇ ਛਕਾ ਰਹੇ ਹਨ।" ਸਾਡੀ ਅੱਖ ਉਘੜੀ ਤੇ ਅਸੀਂ ਵੀ ਟਾਈਮ ਨੋਟ ਕਰ ਲਿਆ। ਕੁਝ ਦਿਨ ਪਿਛੋਂ ਸਿਰੀ ਭੈਣ ਹਰਬੰਸ ਕੌਰ ਜੀ ਸੰਤ ਹੀਰਾ ਸਿੰਘ ਜੀ, ਪਰਮ ਪਿਆਰੇ ਅਵਧੂਤ ਰਿਸ਼ੀ ਭਾਈ ਆਤਮਾ ਸਿੰਘ ਜੀ ਸਣੇ ਭਾਈ ਜੋਗਿੰਦਰ ਸਿੰਘ ਜੀ ਦੇ ਨਾਰੰਗਵਾਲ ਆ ਦਰਸਨ-ਪਜ਼ੀਰ ਹੋਏ। ਦੋਹਾਂ ਪਾਸਿਆਂ ਦੀਆਂ ਰਮਜ਼ਨੀ ਬੁਝਾਰਤਾਂ ਮਿਲਾਈਆਂ ਤਾਂ ਮਿਲ ਗਈਆਂ।

ਸਿਰੀ ਬੀਬੀ ਹਰਬੰਸ ਕੌਰ ਜੀ ਐਸੀ ਮਹੱਤਤਾ ਵਾਲੀ ਜਬਰ-ਜੰਗ ਸਿੰਘਣੀ ਹੋ ਗੁਜ਼ਰੀ ਹੈ ਕਿ ਉਨ੍ਹਾਂ ਦੇ ਧਾਰਮਿਕ ਰੋਹਬ ਦਾਬ ਦਾ ਸਿੱਕਾ ਪਟਿਆਲਾ-ਨਿਵਾਸੀ ਸਮੂਹ ਅਹਿਲਕਾਰਨੀ ਸਰਦਾਰਨੀਆਂ ਦੇ ਉਪਰ ਬੜੀ ਪ੍ਰਭਤਾ ਨਾਲ ਬੈਠਾ ਹੋਇਆ ਸੀ, ਵਜ਼ੀਰ ਕਬੀਰਾਂ ਦੀਆਂ ਵਜ਼ੀਰਨੀਆਂ ਤੇ ਰਾਜ ਮਹੱਲਾਂ ਦੀਆਂ ਰਾਣੀਆਂ ਸਭ ਇਨ੍ਹਾਂ ਤੋਂ (ਸਿਰੀ ਬੀਬੀ ਹਰਬੰਸ ਕੌਰ ਤੋਂ) ਕਾਂਪ ਖਾਂਦੀਆਂ ਸਨ। ਹੋਰ ਸਭ ਸਰਦਾਰਨੀਆਂ ਨੂੰ ਮਹਿਲਾਂ ਵਿਚ ਬੁਲਾ ਲੈਂਦੀਆਂ ਸਨ, ਪ੍ਰੰਤੂ ਸਿਰੀ ਬੀਬੀ ਹਰਬੰਸ ਕੌਰ ਜੀ ਨੂੰ ਸੱਦਾ ਭੇਜਣ ਦੀ ਵੀ ਕਿਸੇ ਨੂੰ ਜੁਰਅਤ ਨਹੀਂ ਪੈਂਦੀ ਸੀ। ਪਤੀ-ਬ੍ਰਤ ਧਰਮ ਨੂੰ ਨਿਬਾਹੁਣ ਵਿਚ ਇਹ

www.AKJ.Org

ਭੈਣ ਹਰਬੰਸ ਕੌਰ ਲਾਸਾਨੀ ਸੀ।

ਸਿਰੀ ਭਾਈ ਜੋਗਿੰਦਰ ਸਿੰਘ ਜੀ ਉਸ ਸਮੇਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਨ। ਓਦੋਂ ਗੌਰਮਿੰਟ ਗੋਰਾਸ਼ਾਹੀ ਦੇ ਬਰਖਿਲਾਫ਼ ਅਕਾਲੀ-ਪੰਥ ਦੀ ਐਜੀਟੇਸ਼ਨ ਬੜੇ ਜ਼ੋਰਾਂ ਤੇ ਸੀ। ਸ਼ਰੋਮਣੀ ਕਮੇਟੀ ਦੇ ਲਗ ਪਗ ਸਾਰੇ ਹੀ ਮੈਂਬਰਾਂ ਨੂੰ ਇਸ ਐਜੀਟੇਸ਼ਨ ਵਿਚ ਜੇਲ੍ਹਾਂ ਅੰਦਰ ਜਾਣਾ ਪਿਆ। ਉਨ੍ਹੀ ਦਿਨੀਂ ਸਰਦਾਰ ਜੋਗਿੰਦਰ ਸਿੰਘ ਜੀ ਦੀ ਸਰੀਰਕ ਸਿਹਤ ਬਹੁਤ ਕਮਜ਼ੋਰ ਸੀ, ਪ੍ਰੰਤੂ ਸਿਰੀ ਭੈਣ ਹਰਬੰਸ ਕੌਰ ਜੀ ਨੇ ਉਨ੍ਹਾਂ ਨੂੰ ਉਭਾਰਿਆ ਅਤੇ ਅਨਿੰਨ-ਪਤਨੀਆਂ ਵਾਲੀ ਹਲਾ-ਸ਼ੇਰੀ ਦੇ ਕੇ ਆਪਣੇ ਹੱਥੀਂ ਜੇਲ੍ਹ ਨੂੰ ਤੋਰਿਆ। ਤੋਰਨ ਲਗਿਆਂ ਸੁਤੇ-ਸੁਭਾਅ ਹੀ ਭੈਣ ਹਰਬੰਸ ਕੌਰ ਜੀ ਦੇ ਨੇਤਰਾਂ ਵਿਚੋਂ ਹੰਝੂ ਵਹਿ ਤੁਰੇ। ਸਿਰੀ ਭਾਈ ਜੋਗਿੰਦਰ ਸਿੰਘ ਜੀ ਨੇ ਇਹ ਦ੍ਰਿਸ਼ ਦੇਖ ਕੇ ਬੜੀ ਹੈਰਾਨਗੀ ਨਾਲ ਪੁਛਿਆ ਕਿ ਡੋਲਣ ਦਾ ਕੀ ਕਾਰਨ ਹੈ? ਏਨੀ ਬਹਾਦਰੀ ਦਿਖਾ ਕੇ ਹੁਣ ਕਿਉਂ ਦ੍ਰਵੀ ਭੂਤ ਹੋ ਰਹੇ ਹੋ? ਸਿਰੀ ਭੈਣ ਹਰਬੰਸ ਕੌਰ ਜੀ ਨੇ ਹੱਸ ਕੇ ਉਤਰ ਦਿਤਾ ਕਿ ਬਹੁਤ ਛੇਤੀ ਮੇਲੇ ਹੋਣ ਦੀ ਕੋਈ ਸੰਭਾਵਨਾ ਨਹੀਂ। ਲੰਮੇ ਵਿਛੋੜੇ ਪੈਂਦੇ ਦਿਸਦੇ ਹਨ। ਸਰਦਾਰ ਜੋਗਿੰਦਰ ਸਿੰਘ ਜੀ ਨੇ ਬੜੀ ਦ੍ਰਿੜ੍ਹਤਾ ਨਾਲ ਉਤਰ ਦਿਤਾ ਕਿ ਸਾਡੀ ਸਿਹਤ ਬੜੀ ਰਿਸ਼ਟ ਪੁਸ਼ਟ ਹੈ। ਤੁਹਾਡੀਆਂ ਅਸੀਸਾਂ ਨਾਲ ਹੀ ਤਕੜੀ ਹੋ ਗਈ ਹੈ, ਤੁਸੀਂ ਸਾਡਾ ਕੀ ਫ਼ਿਕਰ ਕਰਦੇ ਹੋ? ਅਸਲ ਵਿਚ ਸਿਰੀ ਭੈਣ ਹਰਬੰਸ ਕੌਰ ਜੀ ਨੂੰ ਆਪਣੇ ਅਕਾਲ ਚਲਾਣੇ ਦਾ ਭਵਿਖਤ ਚਮਤਕਾਰ ਦਿਸਿਆ ਸੀ, ਚਾਹੇ ਉਨ੍ਹਾਂ ਨੇ ਉਨ੍ਹਾਂ ਨੂੰ ਕਹਿ ਕੇ ਨਹੀਂ ਸੁਣਾਇਆ।

ਜਦੋਂ ਸ: ਜੋਗਿੰਦਰ ਸਿੰਘ ਜੀ ਜੇਲ੍ਹ ਤੋਂ ਰਿਹਾ ਹੋ ਕੇ ਵਾਪਸ ਘਰ ਆਏ ਤਾਂ ਭੈਣ ਸਿਰੀ ਹਰਬੰਸ ਕੌਰ ਜੀ ਪਿਆਨੇ ਕਰ ਚੁਕੇ ਸਨ। ਸ: ਜੋਗਿੰਦਰ ਸਿੰਘ ਜੀ ਨੂੰ ਆਪਣੀ ਅਨਿੰਨ ਪਤੀਬ੍ਰਤਾ ਪਤਨੀ ਦੇ ਵਿਛੋੜੇ ਦਾ ਸਦਮਾ ਬੜਾ ਅਸਹਿ ਹੋ ਕੇ ਗੁਜ਼ਰਿਆ, ਜਿਸ ਨੇ ਸਿਰੀ ਭਾਈ ਜੋਗਿੰਦਰ ਸਿੰਘ ਜੀ ਦੀ ਸਿਹਤ ਤੇ ਬੜਾ ਡੂੰਘਾ ਅਸਰ ਕੀਤਾ। ਤਦ ਪਸ਼ਚਾਤ ਉਹ ਜਿੰਨਾ ਚਿਰ ਜੀਉਂਦੇ ਰਹੇ, ਸਰੀਰਕ ਸਿਹਤ ਕਰਕੇ ਘਟਦੇ ਹੀ ਗਏ। ਸਿਖੀ ਸਿਦਕ ਦੀ ਪੁਤਲੀ ਸਿਰੀ ਹਰਬੰਸ ਕੌਰ ਤਾਂ ਪੂਰੀ ਹੋ ਗਈ, ਪਰ ਗੁਰਮੁਖ ਪਰਵਾਰ ਦੇ ਸਾਰੇ ਕਾਰੋਬਾਰ ਅਧੂਰੇ ਰਹਿ ਗਏ। ਭਾਣਾ ਮਿੱਠਾ ਕਰ ਮੰਨਣ ਦੀ ਸ਼ਕਤੀ ਜੈਸੀ ਗੁਰੂ ਮੇਹਰਬਾਨ ਨੇ ਸਿਰੀ ਭਾਈ ਜੋਗਿੰਦਰ ਸਿੰਘ ਜੀ ਨੂੰ ਬਖ਼ਸ਼ੀ ਹੋਈ ਸੀ, ਉਹ ਵਿਰਲਿਆਂ ਹੀ ਸਿਖਾਂ ਦੇ ਨਸੀਬਾਂ ਵਿਚ ਆਈ ਹੈ।

[ਪੁਸਤਕ 'ਰੰਗਲੇ ਸਜਣ' ਵਿਚੋਂ

---

# ਸੂਰਾ ਮਾਸਕ ਪੱਤਰ ਨੂੰ ਅਕਤੂਬਰ ਤੇ ਨਵੰਬਰ ੭੪ ਵਿਚ ਪੁਜੀ ਸਹਾਇਤਾ

| | |
|---|---|
| ਸ: ਦਰਸ਼ਨ ਸਿੰਘ ਜੀ, ਅੰਮ੍ਰਿਤਸਰ | ੫-੦੦ |
| ਸ: ਅਰੂੜ ਸਿੰਘ ਜੀ, ਪਿੰਡ ਚਾਟੀਵਿੰਡ, ਅੰਮ੍ਰਿਤਸਰ | ੧੩-੦੦ |
| ਸ: ਮਸਤ ਸਿੰਘ ਜੀ, ਡਰਬੀ, ਇੰਗਲੈਂਡ | ੧੨੯-੭੮ |
| ਸ: ਸੁਰਿੰਦਰ ਸਿੰਘ ਜੀ, ਕੋਟਾ ਤੋਂ | ੫-੦੦ |
| ਸ: ਧਨਵੰਤ ਸਿੰਘ ਜੀ, ਬੰਬਈ-੪ ਵਲੋਂ ਦੁਕਾਨ ਦੇ ਮਹੂਰਤ ਸਮੇਂ | ੧੫-੦੦ |
| ਇਕ ਪ੍ਰੇਮੀ ਜੀ, ਜਲੰਧਰ ਤੋਂ | ੧੪-੦੦ |
| ਸ: ਅਮਰਜੀਤ ਸਿੰਘ ਜੀ ਡਰਾਫ਼ਟਸਮੈਨ, ਦੀਮਾਪੁਰ | ੨੦-੦੦ |
| ਸ: ਕਰਮ ਸਿੰਘ ਜੀ, ਆਦਰਸ਼ ਨਗਰ, ਜਲੰਧਰ | ੧੧-੦੦ |
| ਸ: ਅਰਜਨ ਸਿੰਘ ਜੀ, XEN, ਚੰਡੀਗੜ੍ਹ | ੬-੦੦ |
| ਸ: ਰਤਨ ਸਿੰਘ ਜੀ, ਗੁਲਾਬ ਨਗਰ, ਬਰੇਲੀ | ੫-੦੦ |
| ਸ: ਜਗਜੀਤ ਸਿੰਘ ਜੀ, ਮੁਗਲ ਸਰਾਏ | ੧੧-੦੦ |
| ਸ: ਗੁਰਦਿਆਲ ਸਿੰਘ ਜੀ ਸਪੁਤਰ ਸ: ਮਾਘ ਸਿੰਘ ਜੀ ਕੀਰਤਪੁਰ | ੪-੦੦ |
| ਗਿ: ਗੁਰਨਾਮ ਸਿੰਘ ਜੀ, ਈਸਟ ਮੋਹਨ ਨਗਰ, ਅੰਮ੍ਰਿਤਸਰ ਵਲੋਂ | ੧੧-੦੦ |

ਸਤਿਗੁਰੂ ਗੁਰਸਿਖੀ ਜੀਵਨ ਤੇ ਚੜ੍ਹਦੀਆਂ ਕਲਾ ਬਖ਼ਸ਼ਣ। —ਦਾਸ ਮੈਨੇਜਰ

www.AKJ.Org

# ਮਾਤਾ ਤ੍ਰਿਪਤਾ ਜੀ

[ ਵਲੋਂ — ਸ: ਵਰਿਆਮ ਸਿੰਘ ਜੀ, ਗਾਂਧੀ ਨਗਰ, ਦਿਲੀ-੩੧ ]

ਧਨੁ ਧੰਨੁ ਪਿਤਾ, ਧਨੁ ਧੰਨੁ ਕੁਲੁ,
ਧਨੁ ਧਨੁ ਸੁ ਜਨਨੀ, ਜਿਨਿ ਗੁਰੂ ਜਣਿਆ ਮਾਇ ॥
ਧਨੁ ਧੰਨੁ ਗੁਰੂ ਜਿਨਿ ਨਾਮੁ ਅਰਾਧਿਆ,
ਆਪਿ ਤਰਿਆ ਜਿਨੀ ਡਿਠਾ ਤਿਨ੍ਾ ਲਏ ਛਡਾਇ॥

ਮ: ੪ (ਗਉੜੀ ਕੀ ਵਾਰ ਮਹਲਾ ੪)

ਮਾਤਾ ਤ੍ਰਿਪਤਾ ਜੀ ਦਾ ਨਾਂ ਅੱਜ ਕੌਣ ਨਹੀਂ ਜਾਣਦਾ। ਆਪ ਦਾ ਨਾਂ ਸੂਰਜ ਵਾਂਗ ਰੌਸ਼ਨ ਹੈ। ਆਪ ਦੀ ਪਵਿੱਤਰ ਕੁਖੋਂ ੧੫ ਅਪਰੈਲ ਸੰਨ ੧੪੬੯ ਈਸਵੀ ਨੂੰ ਅਕਾਲ ਪੁਰਖ ਦੀ ਉਸ ਜੋਤ ਦਾ ਪ੍ਰਕਾਸ਼ ਹੋਇਆ, ਜਿਸ ਦਾ ਆਸਰਾ ਲੈ ਕੇ ਸਾਰੀ ਦੁਨੀਆ ਨੇ ਉਧਰਨਾ ਸੀ। ਉਸ ਅਲੌਕਿਕ ਸ਼ਕਤੀਆਂ ਦੇ ਮਾਲਕ ਸਾਹਿਬ ਸੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਹੋਇਆ, ਜਿਸ ਬਾਰੇ ਭਾਈ ਗੁਰਦਾਸ ਜੀ ਨੇ ਕਿਹਾ ਸੀ :—

ਸਤਿਗੁਰ ਨਾਨਕ ਪ੍ਰਗਟਿਆ,
ਮਿਟੀ ਧੁੰਧ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ,
ਤਾਰੇ ਛਪੇ ਅੰਧੇਰ ਪਲੋਆ।

(ਵਾਰ ੧, ਪਉੜੀ ੨੭)

ਮਾਤਾ ਤ੍ਰਿਪਤਾ ਜੀ ਦੇ ਪੇਕੇ, ਪਿੰਡ ਚਾਹਲ ਜ਼ਿਲਾ ਲਾਹੌਰ ਵਿਚ ਸਨ ਅਤੇ ਸਹੁਰੇ, ਰਾਇ ਭੋਇ ਦੀ ਤਲਵੰਡੀ ਜ਼ਿਲਾ ਸ਼ੇਖੂਪੁਰਾ ਵਿਚ ਸਨ, ਜਿਸ ਦਾ ਨਾਂ ਬਾਅਦ ਵਿਚ 'ਨਨਕਾਣਾ ਸਾਹਿਬ' ਪੈ ਗਿਆ। ਆਪ ਦੇ ਪਤੀ, ਬਾਬਾ ਕਾਲੂ ਚੰਦ ਜੀ ਸਨ। ਇਕ ਪਤਿਬ੍ਰਤਾ ਇਸਤ੍ਰੀ ਦੇ ਜੋ ਗੁਣ ਹੁੰਦੇ ਹਨ, ਉਹਨਾਂ ਦਾ ਸਦਕਾ ਆਪ ਨੇ ਪਤੀ ਦੇ ਮਨ ਉਤੇ ਪੂਰੀ ਤਰ੍ਹਾਂ ਕਾਬੂ ਪਾ ਲਿਆ ਸੀ। ਸਿਖ ਇਤਿਹਾਸ ਵਿਚ ਇਕ ਵੀ ਮਿਸਾਲ ਅਜਿਹੀ ਨਹੀਂ ਮਿਲਦੀ, ਜਦੋਂ ਆਪ ਨੇ ਪਤੀ ਦੀ ਆਗਿਆ ਨੂੰ ਭੰਗ ਕੀਤਾ ਹੋਵੇ। ਸਗੋਂ ਇਹ ਲਿਖਿਆ ਹੋਇਆ ਮਿਲਦਾ ਹੈ —

ਸੁਤ ਕਾਲੂ ਪਿਖ ਪਿਤ ਸ਼ਿਵਰਾਮੂ।
ਪਾਨਗ੍ਰਹਨ ਕਿਯ ਕੀਰਤਿ ਧਾਮੂ।
ਤਿਯ ਪਤਿਬ੍ਰਤਾ ਗੁਣ ਨਿਧਿ ਸੋਊ।
ਤਿਹ ਸੁਸ਼ੀਲਤਾ ਕਹਿਸਕ ਕੋਊ?

(ਸ੍ਰੀ ਗੁਰ ਨਾਨਕ ਪ੍ਰਕਾਸ਼, ਪੂਰਬਾਰਧ, ਅਧਯਾਯ ੩)

ਇਹਨਾਂ ਸਤਰਾਂ ਦਾ ਭਾਵ-ਅਰਥ ਇਹ ਹੈ ਕਿ ਪਿਤਾ ਸ਼ਿਵਰਾਮ ਜੀ ਨੇ ਆਪਣੇ ਪੁਤਰ (ਬਾਬਾ) ਕਾਲੂ ਚੰਦ ਜੀ ਨੂੰ ਚੰਗਾ ਲਾਇਕ ਸਮਝ ਕੇ ਉਸਦਾ ਵਿਆਹ ਕਰ ਦਿਤਾ, ਜਿਸ ਦੀ ਕੀਰਤੀ ਦੂਰ ਦੂਰ ਤਕ ਫੈਲੀ। ਉਹ ਜੋ ਇਸਤ੍ਰੀ (ਮਾਤਾ ਤ੍ਰਿਪਤਾ ਜੀ) ਆਈ, ਉਹ ਗੁਣਾਂ ਦੀ ਖਾਨ ਸੀ। ਉਸ ਸਰੇਸ਼ਟ ਇਸਤ੍ਰੀ ਬਾਰੇ ਕੀ ਬਿਆਨ ਕੀਤਾ ਜਾਏ, ਜੋ ਨਿਰੀ ਸੁਸ਼ੀਲ ਸੀ।

ਜਦੋਂ ਇਸ ਭਾਗਾਂ ਵਾਲੇ ਜੋੜੇ (ਬਾਬਾ ਕਾਲੂ ਚੰਦ ਜੀ ਤੇ ਮਾਤਾ ਤ੍ਰਿਪਤਾ ਜੀ) ਦੇ ਘਰ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ ਤਾਂ ਸਾਰੇ ਕਮਰੇ ਵਿਚ ਆਪਣੇ ਆਪ ਪ੍ਰਕਾਸ਼ ਹੋ ਗਿਆ। ਗੁਰੂ ਸਾਹਿਬ ਹੱਸਦੇ ਚਿਹਰੇ ਨਾਲ ਪ੍ਰਗਟ ਹੋਏ ਸਨ। ਜ਼ਰਾ ਨਹੀਂ ਸਨ ਰੋਏ। ਦੌਲਤਾਂ ਦਾਈ ਨੇ ਜਦੋਂ ਇਹ ਨਜ਼ਾਰਾ ਦੇਖਿਆ ਤਾਂ ਹੈਰਾਨ ਰਹਿ ਗਈ। ਮਾਤਾ ਤ੍ਰਿਪਤਾ ਜੀ ਨੂੰ ਵੀ ਇਉਂ ਲਗਾ ਜਿਉਂ ਕੋਈ ਰੱਬੀ ਜੋਤ ਇਸ ਸੰਸਾਰ ਵਿਚ ਆਈ ਹੈ, ਪਰ ਮਾਇਆ ਨੇ ਆਪਣੇ ਪੈਰ ਪਸਾਰਨੇ ਸ਼ੁਰੂ ਕਰ ਦਿਤੇ ਤੇ ਇਸ ਲਈ ਆਪ ਨੂੰ ਸਭ ਕੁਛ ਭੁਲ ਗਿਆ। ਗਿਆਨੀ ਜੋਧ ਸਿੰਘ ਜੀ ਲਿਖਦੇ ਹਨ :—

ਦੇਖ ਰੂਪ ਸੁੰਦਰ ਮਾਤਾ ਗਈ ਮੋਹੀ,
ਸੁਧ ਬੁਧ ਨੂੰ ਚਾਇ ਵਿਸਾਰਦੀ ਏ।
ਜਾਤਾ ਬ੍ਰਹਮ ਸਰੂਪ ਸਤਿਗੁਰੂ ਜੀ ਦਾ,
ਮੁਖੋਂ ਨਾਮ ਅਕਾਲ ਉਚਾਰਦੀ ਏ।
ਨਮਸਕਾਰ ਕਰਦੀ ਜਾਣ ਜੋਤ ਤਾਈਂ,
ਮਾਯਾ ਫੇਰ ਅਕਾਲ ਪਸਾਰਦੀ ਏ।
ਜੋਧ ਸਿੰਘ ਸਤਿਗੁਰੂ ਜੀ ਖੇਲ ਕਰਦੇ,
ਮਾਤਾ ਲਾਡ ਦੇ ਨਾਲ ਪਰਚਾਰਦੀ ਏ।

(ਸ੍ਰੀ ਨਿਰੰਕਾਰੀ ਹੁਲਾਸ, ਪੰਨਾ ੧੩)

ਗੁਰੂ ਨਾਨਕ ਦੇਵ ਜੀ ਬਾਲ ਲੀਲ੍ਹਾ ਦੇ ਚਮਤਕਾਰ



www.AKJ.Org

ਕਰਦੇ, ਮਹੀਆਂ ਦੇ ਪਾਲੀ ਬਣਦੇ, ਖੇਤੀਆਂ ਹਰੀਆਂ ਕਰਦੇ ਅਤੇ ਸੱਚੇ ਸੌਦੇ ਕਰਦੇ ਹੋਏ ਜੁਬਾ ਅਵਸਥਾ ਨੂੰ ਪ੍ਰਾਪਤ ਹੋਏ ਤਾਂ ਮਾਤਾ ਪਿਤਾ ਨੇ ਨਿਤ ਦੇ ਉਲਾਂਭਿਆਂ ਤੋਂ ਤੰਗ ਆ ਕੇ, ਆਪ ਜੀ ਨੂੰ ਭੈਣ-ਭਣਵਈਏ ਪਾਸ ਸੁਲਤਾਨਪੁਰ ਭੇਜ ਦਿਤਾ। ਇਥੇ ਨਵਾਬ ਦੇ ਮੋਦੀ ਬਣ ਕੇ ਤੇਰਾਂ ਹੀ ਤੇਰਾਂ ਤੋਲਦੇ ਗਏ, ਪਰ ਘਾਟੇ ਦੀ ਥਾਂ ਫੇਰ ਵੀ ਵਾਧਾ ਹੀ ਨਿਕਲਿਆ।

'ਪੂਰਨੁ ਕਬਹੁ ਨ ਡੋਲਤਾ, ਪੂਰਾ ਕੀਆ ਪ੍ਰਭ ਆਪਿ ॥
ਦਿਨੁ ਦਿਨੁ ਚੜੈ ਸਵਾਇਆ, ਨਾਨਕ ਹੋਤ ਨ ਘਾਟਿ ॥'

ਇਥੇ ਆਪ ਦੀ ਬੜੀ ਕੀਰਤੀ ਵਧੀ। ਆਖ਼ਰ ਮੋਦੀਖ਼ਾਨਾ ਤਿਆਗ ਦਿਤਾ ਅਤੇ ਦੇਸ਼-ਦੇਸ਼ਾਂਤਰਾਂ ਵਿਚ ਪੁਜ ਕੇ ਭੁਲੀ ਲੁਕਾਈ ਨੂੰ ਸੁਮਾਰਗ ਪਾਉਣ ਦਾ ਮਹਾਨ ਕਾਰਜ ਅਰੰਭ ਦਿਤਾ।

ਇਸ ਤਰ੍ਹਾਂ ਆਪ ਨੇ ਚਾਰ ਉਦਾਸੀਆਂ ਕੀਤੀਆਂ। ਪਹਿਲੀ ਉਦਾਸੀ ਸਤੰਬਰ ਸੰਨ ੧੫੦੮ ਈਸਵੀ ਤੋਂ ਸ਼ੁਰੂ ਹੋ ਕੇ ਸੰਨ ੧੫੧੫ ਈਸਵੀ ਦੇ ਅਖ਼ੀਰ ਵਿਚ ਸਮਾਪਤ ਹੋਈ। ਇਸ ਉਦਾਸੀ ਦੇ ਬਾਅਦ ਆਪ ਕੁਛ ਦੇਰ ਲਈ ਮਾਤਾ ਪਿਤਾ ਪਾਸ ਤਲਵੰਡੀ ਠਹਿਰੇ। ਗੁਰੂ ਸਾਹਿਬ ਜੋ ਸੱਚ ਦਾ ਦਾਰੂ ਜਗਤ-ਜਲੰਦੇ ਵਿਚ ਵੰਡ ਕੇ ਠੰਢ ਵਰਤਾ ਰਹੇ ਸਨ, ਉਸ ਤੋਂ ਆਪ ਜੀ ਦੇ ਮਾਤਾ ਪਿਤਾ ਕਿਵੇਂ ਵਾਂਞੇ ਰਹਿ ਸਕਦੇ ਸਨ। ਮਾਤਾ ਪਿਤਾ ਜਿਨ੍ਹਾਂ ਨੇ ਅਜੇ ਤਾਈਂ ਗੁਰੂ ਸਾਹਿਬ ਨੂੰ ਪੁਤਰ ਹੀ ਸਮਝਿਆ ਹੋਇਆ ਸੀ ਅਤੇ ਕਈ ਗਲੋਂ ਝਿੜਕਦੇ ਵੀ ਰਹੇ ਸਨ, ਗੁਰੂ ਸਾਹਿਬ ਨੇ ਉਹਨਾਂ ਦਾ ਨਿਸਤਾਰਾ ਕਰਨਾ ਜ਼ਰੂਰੀ ਸਮਝਿਆ, ਤਾਕਿ ਉਹ ਵੀ ਮੋਹ ਮਾਇਆ ਦੇ ਜਾਲ ਵਿਚੋਂ ਉੱਚਾ ਉਠ ਕੇ ਇਕ ਅਕਾਲ ਪੁਰਖ ਨਾਲ ਲਿਵ ਜੋੜ ਸਕਣ ਅਤੇ ਇਹ ਸੋਝੀ ਆ ਜਾਏ ਕਿ ਅਸੀਂ ਇਥੇ ਸਦਾ ਲਈ ਨਹੀਂ ਬੈਠੇ ਰਹਿਣਾ, ਉਸ ਅਕਾਲ ਪੁਰਖ ਦੇ ਦਰਬਾਰ ਵਿਚ ਪੁਜਣਾ ਹੈ, ਜੋ ਸਾਡਾ ਅਸਲੀ ਘਰ ਹੈ।

ਪਹਿਲਾਂ ਗੁਰੂ ਸਾਹਿਬ ਨੇ ਪਿਤਾ ਜੀ ਨੂੰ ਜੋ ਉਪਦੇਸ਼ ਦਿਤਾ ਅਤੇ ਸਿਖੀ ਮਾਰਗ ਸਮਝਾਇਆ, ਉਸ ਨਾਲ ਪਿਤਾ ਜੀ ਦੇ ਕਪਾਟ ਖੁਲ੍ਹ ਗਏ। ਮਨ ਉਤੇ ਜੋ ਮੋਹ-ਮਾਇਆ ਦਾ ਪਰਦਾ ਪਿਆ ਹੋਇਆ ਸੀ, ਉਹ ਹਟ ਗਿਆ। ਆਪਣੇ ਪੁੱਤਰ ਦਾ ਅਸਲੀ ਰੂਪ ਨਜ਼ਰ ਆਇਆ। ਫਿਰ ਗੁਰੂ ਸਾਹਿਬ ਨੇ ਮਾਤਾ ਜੀ ਉਤੇ ਜੋ ਮਿਹਰ ਦੀ ਨਜ਼ਰ ਕੀਤੀ, ਉਸ ਨੂੰ ਅਸੀਂ ਭਾਈ ਵੀਰ ਸਿੰਘ ਦੀ ਕਲਮ ਤੋਂ ਬਿਆਨ ਕਰਦੇ ਹਾਂ। ਆਪ ਲਿਖਦੇ ਹਨ ਕਿ ਜਗਤ ਦੇ ਨਾਥ ਨੇ ਆਪਣੀ ਮਾਂ ਵਲ ਡਿਠਾ। ਉਹਨਾਂ ਦੇ ਨੈਣ ਬੰਦ ਸਨ। ਚਿਹਰੇ ਤੇ ਇਕ ਆਭਾ ਛਾ ਰਹੀ ਸੀ। ਅੰਤਰ ਦੀ ਗਤੀ ਵਾਹਿਗੁਰੂ ਜਾਣੇ, ਪਰ ਚਿਹਰਾ ਅਡੋਲ ਟਿਕ ਰਿਹਾ ਸੀ। ਜਗਤ-ਆਧਾਰ ਜੀ ਨੇ ਹੁਣ ਮਾਂ ਵਲ ਉਸੇ ਨਿਗਾਹ ਨਾਲ ਜਿਸ ਨਿਗਾਹ ਦੀ ਯਾਚਨਾ ਕਰਦਿਆਂ ਭਾਈ ਨੰਦ ਲਾਲ ਨੇ ਲਿਖਿਆ ਹੈ :—

'ਯਕ ਨਿਗਾਹੇ ਜਾਂ ਫ਼ਜ਼ਾਇਸ਼,
ਬਸ ਬਵਦ ਦਰਕਾਰੇ ਮਾ।'

ਤੱਕਿਆ। ਉਨ੍ਹਾਂ ਨੈਣ ਖੋਲ੍ਹੇ ਤੇ ਬਾਵਲੇ ਹੋ ਚਰਨਾਂ ਵਲ ਢੱਠੇ, ਪਰ ਗੁਰੂ ਨਾਨਕ ਨੇ ਬਾਹਵਾਂ ਤੋਂ ਬੋਚ ਕੇ ਉੱਚੀ ਕਿਹਾ : ਧੰਨ ਨਿਰੰਕਾਰ! ਧੰਨ ਨਿਰੰਕਾਰ' ਤੇ ਮਾਤਾ ਦੇ ਲੂੰ ਲੂੰ ਤੋਂ ਛਿੜ ਪਈ ਝਨਕਾਰ 'ਧੰਨ ਨਿਰੰਕਾਰ' ਦੀ। ਹਾਂ ਨਿਰੰਕਾਰ ਸਾਰੇ ਵਸਦਾ ਰਸਦਾ ਹੋ ਭਾਸਿਆ; ਖੁਲ੍ਹ ਗਈ 'ਮੋਹ ਨੀਂਦ' ਅੰਮਾ ਦੀ ਬੀ। ਮੋਹ ਮਮਤਾ ਮਿਟ ਗਈ, ਪ੍ਰੇਮ ਤੇ ਸ਼ਰਧਾ ਨੇ ਥਾਂ ਮਲ੍ਹੀ ਤੇ ਸਾਰੇ ਲੂੰਆਂ ਨੇ ਜੀਭ ਬਣ ਕੇ ਆਖਿਆ 'ਸ਼ੁਕਰ' 'ਸ਼ੁਕਰ'।

(ਸ੍ਰੀ ਗੁਰੂ ਨਾਨਕ ਚਮਤਕਾਰ—ਪਹਿਲਾ ਅੱਧ, ਪੰਨਾ ੫੧੪)

ਭਾਗਾਂ ਵਾਲੀ ਮਾਤਾ ਤ੍ਰਿਪਤਾ, ਜਿਸ ਨੂੰ ਪੁੱਤਰ ਦੇ ਪੈਦਾ ਹੁੰਦੇ ਹੀ ਅਕਾਲ ਪੁਰਖ ਦੀ ਜੋਤ ਦਾ ਝਲਕਾਰਾ ਵਜਾ ਸੀ, ਅਜ ਫਿਰ ਉਹੋ ਨਜ਼ਰ ਆਇਆ। ਸਦਾ ਲਈ ਇਕ 'ਨਾਮ' ਵਿਚ ਗਵਾਚ ਗਈ।

ਦੂਜੀ ਉਦਾਸੀ ਸ਼ੁਰੂ ਕਰਨ ਤੋਂ ਪਹਿਲਾਂ ਗੁਰੂ ਸਾਹਿਬ ਨੇ ਦਰਿਆ ਰਾਵੀ ਦੇ ਕਿਨਾਰੇ 'ਕਰਤਾਰਪੁਰ' ਨਾਂ ਦਾ ਪਿੰਡ ਵਸਾਇਆ। ਆਪ ਦੇ ਮਾਤਾ ਪਿਤਾ ਵੀ ਤਲਵੰਡੀ ਦਾ ਵਸੇਬਾ ਛਡ ਕੇ ਇਥੇ ਆ ਵਸੇ ਅਤੇ ਸਦਾ ਨਾਮ-ਖੁਮਾਰੀ ਵਿਚ ਗਲਤਾਨ ਰਹਿਣ ਲਗੇ। ਆਖ਼ਰ ਉਹ ਵੀ ਦਿਨ ਆ ਗਿਆ, ਜਦੋਂ ਗੁਰੂ ਸਾਹਿਬ ਨੇ ਆਪਣੀਆਂ ਉਦਾਸੀਆਂ ਸੰਪੂਰਨ ਕਰ ਲਈਆਂ ਅਤੇ ਕਰਤਾਰਪੁਰ ਇਕ ਥਾਂ ਟਿਕ ਕੇ ਲੋਕਾਂ ਨੂੰ ਨਾਮ ਬਾਣੀ ਦਾ ਉਪਦੇਸ਼ ਦੇਣ ਲਗੇ।

[ਬਾਕੀ ਦੇਖੋ ਸਫ਼ਾ ੩੨ ਦੇ ਹੇਠ]

www.AKJ.Org

# ਸਾਬਤ ਸੂਰਤਿ ਦਸਤਾਰ ਸਿਰਾ

[ ਵਲੋਂ — ਪ੍ਰਿੰਸੀਪਲ ਅਵਤਾਰ ਸਿੰਘ ਜੀ, ਸ਼ਾਹਬਾਦ ਮਾਰਕੰਡਾ ]

ਸਿੱਖ ਧਰਮ ਦੇ ਸੰਚਾਲਕਾਂ ਨੇ ਜਿਥੇ ਨੈਤਿਕਤਾ ਤੇ ਜ਼ੋਰ ਦਿਤਾ (ਸਚਹੁ ਓਰੈ ਸਭੁ ਕੋ, ਉਪਰਿ ਸਚੁ ਆਚਾਰੁ) ਉਥੇ ਰਹਿਤ ਮਰਿਆਦਾ ਵੀ ਬਣਾਈ ਅਤੇ ਉਸ ਤੇ ਸਖ਼ਤੀ ਨਾਲ ਪਾਲਣ ਕਰਨ ਦਾ ਆਦੇਸ਼ ਭੀ ਦਿਤਾ। 'ਸਰਬ ਲੋਹ' ਗ੍ਰੰਥ ਵਿਚ ਵਰਨਣ ਕੀਤਾ ਹੋਇਆ ਹੈ :

'ਜਬ ਲਗ ਖਾਲਸਾ ਰਹੈ ਨਿਆਰਾ,
ਤਬ ਲਗ ਤੇਜ ਦੀਉ ਮੈਂ ਸਾਰਾ।
ਜਬ ਇਹ ਗਹੈ ਬਿਪਰਨ ਕੀ ਰੀਤ,
ਮੈਂ ਨ ਕਰੋਂ ਇਨ ਕੀ ਪ੍ਰਤੀਤ।'

ਅਜ ਅਸੀਂ ਆਪਣੇ ਨੌਜਵਾਨ ਵੀਰਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪ੍ਰਦਾਨ ਕੀਤੀ ਰਹਿਤ ਮਰਿਆਦਾ ਤੋਂ ਪਤਿਤ ਹੁੰਦਾ ਦੇਖ ਕੇ ਸੋਚਦੇ ਹਾਂ ਕਿ ਆਖ਼ਰ ਇਸਦਾ ਹਸ਼ਰ ਕੀ ਹੋਵੇਗਾ ? ਨੌਜਵਾਨਾਂ ਵਿਚ ਕੇਸਾਂ ਦੀ ਬੇਅਦਬੀ ਦੀ ਰੁਚੀ ਦਿਨੋ ਦਿਨ ਵਧ ਰਹੀ ਹੈ । ਪੁਰਾਤਨ ਕਾਲ ਵਿਚ ਕੇਸ ਉਸਦੇ ਕਟੇ ਜਾਂਦੇ ਸਨ ਜਿਸ ਨੂੰ ਮੌਤ ਦੀ ਸਜ਼ਾ ਦੇਣੀ ਹੁੰਦੀ ਸੀ। ਭਾਵ ਮੌਤ ਦੀ ਸਜ਼ਾ ਤੇ ਕੇਸ ਕੱਟਣੇ ਇਕੋ ਗੱਲ ਸੀ । ਅਜ ਦਾ ਨੌਜਵਾਨ ਆਪਣਾ ਮੂਲ ਨਹੀਂ ਪਛਾਣ ਰਿਹਾ।

ਇੰਗਲੈਂਡ ਵਿਚ ਇਕ ਸਿਖ ਨੌਜਵਾਨ ਛੁੱਟੀ ਵਾਲੇ ਦਿਨ ਕੇਸੀ-ਇਸ਼ਨਾਨ ਕਰ ਕੇ ਉਨ੍ਹਾਂ ਨੂੰ ਹਰਾ ਕਰਨ ਵਾਸਤੇ (ਸੁਕਾਵਣ ਵਾਸਤੇ) ਬੈਠਦਾ ਤਾਂ ਇਕ ਨੌਜਵਾਨ ਅੰਗਰੇਜ ਗੁਆਂਢਣ ਉਸ ਵਲ 'ਟਿਕਟਿਕੀ' ਲਗਾ ਕੇ ਦੇਖਦੀ ਰਹਿੰਦੀ। ਸਿਖ ਨੌਜਵਾਨ ਨੂੰ ਭੁਲੇਖਾ ਲੱਗਾ ਕਿ ਅੰਗਰੇਜ਼ ਲੜਕੀ ਓਸ ਨਾਲ ਪ੍ਰੇਮ-ਸੰਬੰਧ ਪੈਦਾ ਕਰਨਾ ਲੋੜਦੀ ਹੈ। ਕੁਝ ਸਮੇਂ ਬਾਅਦ ਉਸ ਨੇ ਆਪਣੇ ਸੁੰਦਰ ਕੇਸ ਤੇ ਦਾੜ੍ਹੀ ਕਟਵਾ ਦਿਤੇ। ਉਹ ਲੜਕੀ ਛੁਟੀ ਵਾਲੇ ਦਿਨ ਆਉਣੋਂ ਹਟ ਗਈ । ਇਸ ਦਾ ਕਾਰਨ ਪੁੱਛਣ ਤੇ ਲੜਕੀ ਨੇ ਦਸਿਆ ਕਿ ਜਦੋਂ ਤੁਸੀਂ ਕੇਸ ਤੇ ਦਾੜ੍ਹੀ ਸੁਕਾਉਣ ਬੈਠਦੇ ਸੀ ਤਾਂ ਮੈਨੂੰ ਆਪਣੇ ਇਸ਼ਟ ਸ੍ਰੀ ਈਸਾ ਜੀ ਮਹਾਰਾਜ ਦੇ ਦਰਸ਼ਨ ਅਨੁਭਵ ਹੁੰਦੇ ਸਨ।

ਮੇਰੇ ਨੌਜਵਾਨ ਵੀਰੋ ! ਆਪ ਹੀ ਸੋਚੋ ਕਿ ਦੂਜੇ ਧਰਮ ਵਿਚ ਦਾੜ੍ਹੀ ਤੇ ਕੇਸਾਂ ਦੀ ਕਿੰਨੀ ਮਹਾਨਤਾ ਹੈ। ਇਸ ਨਾਲ ਗੁਰੂ ਦਾ ਸਿਖ ਹੋਰ ਧਰਮਾਂ ਦੇ ਅਨੁਯਾਈਆਂ ਤੋਂ ਅੱਡਰਾ ਪ੍ਰਤੀਤ ਹੁੰਦਾ ਹੈ। ਇਕ ਕਰੋੜ ਇਕੱਤਰਤਾ ਵਿਚੋਂ ਭੀ ਸਿਖ ਦੀ ਸੂਰਤ ਤੇ ਦਸਤਾਰ ਉਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਿੰਘ ਹੋਣ ਦਾ ਮਾਣ ਬਖ਼ਸ਼ਦੀ ਹੈ।

ਜ਼ਰਾ ਸੋਚੋ ! ਜਦੋਂ ਕੋਈ ਸਰੀਰ ਦੇ ਕਿਸੇ ਭੀ ਅੰਗ ਤੋਂ ਕੇਸਾਂ ਦੀ ਬੇਅਦਬੀ ਕਰਦਾ ਹੈ ਭਾਵ ਕੇਸ ਕਟਦਾ ਹੈ, ਕੁਝ ਸਮੇਂ ਪਿਛੋਂ ਕੇਸ ਫਿਰ ਉਨੇ ਲੰਬੇ ਹੋ ਜਾਂਦੇ ਹਨ। ਬਾਰ ਬਾਰ ਕਟੇ ਹੋਏ ਬਾਰ ਬਾਰ ਕਿਉਂ ਲੰਬੇ ਹੋਈ ਜਾਂਦੇ ਹਨ ? ਇਹ ਕਾਦਰ ਦੀ ਕੁਦਰਤ ਦਾ ਨਿਯਮ ਹੈ ਅਤੇ ਅਸੀਂ ਉਸ ਦੇ ਨਿਯਮ ਵਿਚ ਰੁਕਾਵਟ ਪਾਂਦੇ ਹਾਂ। ਇਸ ਲਈ ਧਾਰਮਿਕ ਤੌਰ ਤੇ ਸਾਡਾ ਪਤਨ (down fall) ਹੋ ਰਿਹਾ ਹੈ।

ਅਸੀਂ ਆਪਣੇ ਪੁਰਾਤਨ ਬਜ਼ੁਰਗਾਂ, ਰਿਸ਼ੀਆਂ ਮੁਨੀਆਂ ਤੇ ਪੈਗੰਬਰਾਂ ਦੀਆਂ ਮੂਰਤਾਂ ਵਲ ਤੱਕੀਏ ਤਾਂ ਸਾਫ਼ ਪਤਾ ਲੱਗ ਜਾਂਦਾ ਹੈ ਕਿ ਉਹ ਕੇਸਾਧਾਰੀ ਸਨ। ਸ੍ਰੀ ਰਾਮ ਚੰਦਰ ਜੀ, ਕ੍ਰਿਸ਼ਨ ਮਹਾਰਾਜ ਜੀ, ਸ੍ਰੀ ਹਜ਼ਰਤ

---

[ਸਫਾ ੩੧ ਦੀ ਬਾਕੀ]

ਸੰਨ ੧੫੨੨ ਈਸਵੀ ਸੀ ਜਦੋਂ ਪਹਿਲਾਂ ਬਾਬਾ ਕਾਲੂ ਚੰਦ ਜੀ ਨੇ ਪ੍ਰਲੋਕ ਗਮਨ ਕੀਤਾ, ਫਿਰ ਕੁਝ ਦਿਨਾਂ ਬਾਅਦ ਮਾਤਾ ਤ੍ਰਿਪਤਾ ਜੀ ਨੂੰ ਵੀ ਦਰਗਾਹੀ ਸੱਦਾ ਆ ਗਿਆ। ਦਰਗਾਹੀ ਸੱਦਾ ਆਉਣ ਤੋਂ ਪਹਿਲਾਂ ਮਾਤਾ ਤ੍ਰਿਪਤਾ ਜੀ ਚਾਹੁੰਦੇ ਸਨ ਕਿ ਲਗਾਤਾਰ ਨਾਮ ਜਪਦੇ ਹੋਏ ਇਹ ਪ੍ਰਾਣ ਨਿਕਲ ਜਾਣ ਤਾਂ ਚੰਗਾ ਹੈ। ਬਸ ! ਉਹੋ ਗੱਲ ਹੋਈ। ਮਾਤਾ ਤ੍ਰਿਪਤਾ ਜੀ ਨੂੰ ਗੁਰੂ ਜੀ ਨੇ ਨਾਮ ਦ੍ਰਿੜ੍ਹਾ ਦਿਤਾ ਸੀ । ਉਹਨਾਂ ਦੀ ਸੁਰਤ ਮਾਨੋ ਨਾਮੀ ਦੇ ਨਾਮ ਧਿਆਨ ਵਿਚ ਜੁੜ ਗਈ ਸੀ । ਗੁਰੂ ਜੀ ਪਾਸ ਬੈਠੇ ਸਨ ਅਤੇ ਆਪ ਦੇ ਦੇਖਦੇ ਦੇਖਦੇ ਮਾਤਾ ਜੀ ਦੀ ਆਤਮ ਜੋਤ ਨੂੰ ਸਰਬ-ਵਿਆਪੀ ਜਗਤ ਜੋਤ ਨੇ ਆਪਣੇ ਵਿਚ ਲੀਨ ਕਰ ਲਿਆ।



www.AKJ.Org

ਮੁਹੰਮਦ ਸਾਹਿਬ, ਸ੍ਰੀ ਈਸਾ ਜੀ ਸਭ ਨੇ ਸੁੰਦਰ ਕੇਸ ਰਖੇ ਹੋਏ ਸਨ।

ਗੁਰੂ ਦੇ ਸਿੱਖੋ ! ਕੇਸ ਤੁਹਾਡੀ ਨਿਜੀ ਮਲਕੀਅਤ ਨਹੀਂ, ਇਹ ਗੁਰੂ ਗੋਬਿੰਦ ਸਿੰਘ ਜੀ ਦੀ ਤੁਹਾਡੇ ਪਾਸ ਅਮਾਨਤ ਹੈ । ਅਮਾਨਤ ਵਿਚ ਖ਼ਿਆਨਤ ਕਰਨ ਦਾ ਤੁਹਾਨੂੰ ਕੋਈ ਹੱਕ ਨਹੀਂ ।

ਦਸਮ ਪਾਤਸ਼ਾਹ ਜੀ ਦਾ ਹੁਕਮ ਹੈ :

'ਧਰੇ ਕੇਸ ਪਾਹੁਲ ਬਿਨਾਂ, ਭੇਖੀ ਮੂਰਖ ਸਿੱਖ।
ਮੇਰਾ ਦਰਸ਼ਨ ਨਾਹਿ ਤਿਸ, ਪਾਪੀ ਤਿਆਗੇ ਭਿਖ।'

ਇਸ ਤੋਂ ਸਾਫ਼ ਭਾਵ ਇਹ ਹੈ ਕਿ ਅੰਮ੍ਰਿਤ ਪਾਨ ਕਰਨਾ ਭੀ ਲਾਜ਼ਮੀ ਹੈ, ਕਿਉਂਕਿ ਇਸ ਤੋਂ ਬਿਨਾਂ ਕੇਸਾਧਾਰੀ ਅਖਾਉਤੀ ਸਿਖ ਅਖਵਾਏਗਾ।

ਇਕ ਵਾਰ ਇਕ ਸਿੱਖ ਕਿਸੇ ਈਸਾਈ ਦੇ ਘਰ ਗਿਆ ਤਾਂ ਉਸ ਨੇ ਸਿੱਖ ਨੂੰ ਪੁਛਿਆ, ਕਿਉਂ ਜੀ, ਤੁਸੀਂ ਸਿਖ ਲੋਕ ਲੰਬੇ ਕੇਸ ਧਾਰਨ ਕਰਦੇ ਹੋ, ਇਨ੍ਹਾਂ ਦੀ ਕੀ ਮਹੱਤਤਾ ਹੈ ? ਸਿਖ ਨੇ ਈਸਾਈ ਦੇ ਘਰ ਦੀਵਾਰ ਨਾਲ ਟੰਗੀ ਹੋਈ ਸ੍ਰੀ ਈਸਾ ਜੀ ਦੀ ਫ਼ੋਟੋ ਵਲ ਤੱਕ ਕੇ ਉੱਤਰ ਦਿਤਾ, ਤੁਸੀਂ ਆਪਣੇ ਇਸ਼ਟ ਦੀ ਫ਼ੋਟੋ ਵਲ ਤੱਕੋ ਤੇ ਨਿਰਣਾ ਕਰੋ ਕਿ ਉਨ੍ਹਾਂ ਦੀ ਤਸਵੀਰ ਮੇਰੀ ਸ਼ਕਲ ਨਾਲ ਮਿਲਦੀ ਜੁਲਦੀ ਹੈ ਜਾਂ ਤੁਹਾਡੇ ਨਾਲ ? ਉਹ ਅੰਗਰੇਜ਼ ਕਹਿਣ ਲੱਗਾ, ਹੁਣ ਮੈਨੂੰ ਕੇਸਾਂ ਦੀ ਮਹਾਨਤਾ ਦੀ ਸਮਝ ਆ ਗਈ ਹੈ।

ਯੋਗੀ ਹਰਿਭਜਨ ਸਿੰਘ ਜੀ ਰਾਹੀਂ ਅਮ੍ਰੀਕਾ ਵਿਚ ਚਲਾਈ ਗਈ ਸਿੱਖੀ ਪ੍ਰਚਾਰ ਦੀ ਲਹਿਰ ਦੇ ਚੰਗੇ ਨਤੀਜੇ ਨਿਕਲੇ ਹਨ ਅਤੇ ਲੱਖਾਂ ਦੀ ਗਿਣਤੀ ਵਿਚ ਅਮ੍ਰੀਕਨ ਲੋਗ ਸਿੱਖ ਸਜ ਰਹੇ ਹਨ ਅਤੇ ਉਹ ਭਾਰਤ ਦੇ ਟੂਰ ਤੇ ਭੀ ਆਉਂਦੇ ਹਨ। ਜਦੋਂ ਉਨ੍ਹਾਂ ਦੀਆਂ ਸੁੰਦਰ ਦਾੜ੍ਹੀਆਂ ਅਤੇ ਸੁੰਦਰ ਦਸਤਾਰਾਂ ਦੇਖੀਦੀਆਂ ਹਨ ਤਾਂ ਇਕ ਨਸ਼ਾ ਜਿਹਾ ਆ ਜਾਂਦਾ ਹੈ। ਇਕ ਅਮ੍ਰੀਕਨ ਸਿੰਘ ਨੂੰ ਉਸ ਦੇ ਮਿਤਰ ਨੇ ਪੁਛਿਆ ਕਿ ਇਹ ਤੁਸੀਂ ਕੀ ਭੇਖ ਬਣਾਇਆ ਹੈ ? ਬੜੇ ਅਜੀਬ ਜਿਹੇ ਲਗਦੇ ਹੋ। ਤਾਂ ਅਗੋਂ ਨਵੇਂ ਸਜੇ ਸਿੰਘ ਨੇ ਉੱਤਰ ਦਿਤਾ : ਮੈਂ ਇਸੇ ਲਈ ਸਿੰਘਾਂ ਵਾਲਾ ਇਹ ਅਜੀਬ ਭੇਖ ਬਣਾਇਆ ਹੈ ਤਾਂ ਜੁ ਤੁਸੀਂ ਮੈਨੂੰ ਪੁਛੋ ਕਿ ਇਹ ਅਜੀਬ ਭੇਖ ਕੀ ਏ ?

ਅਜ ਦੇ ਸਮੇਂ ਵਿਚ ਬਜ਼ਾਰਾਂ ਵਿਚ ਨੰਗੇ ਸਿਰ ਫਿਰਨਾ ਅਤੇ ਕੇਸੀ ਇਸ਼ਨਾਨ ਕਰ ਕੇ ਕੇਸਾਂ ਦੀ ਨੁਮਾਇਸ਼ ਕਰਨਾ ਇਨ੍ਹਾਂ ਦੀ ਬੇਅਦਬੀ ਹੈ। ਇਸਤੋਂ ਬਚਣਾ ਚਾਹੀਦਾ ਹੈ। ਕੇਸਾਂ ਦੀ ਸੁੰਦਰਤਾ ਨੂੰ ਕਾਇਮ ਰੱਖਣ ਲਈ ਇਨ੍ਹਾਂ ਨੂੰ ਢੱਕ ਕੇ ਰਖਣਾ ਅਤੀ ਲੋੜੀਂਦਾ ਹੈ। ਪੁਰਾਤਨ ਸਮੇਂ ਵਿਚ ਜੇ ਕੋਈ ਨੰਗੇ ਸਿਰ ਫਿਰਦਾ ਸੀ ਤਾਂ ਸਮਝਿਆ ਜਾਂਦਾ ਸੀ ਕਿ ਉਸਦਾ ਕੋਈ ਰਿਸ਼ਤੇਦਾਰ ਮਰ ਗਿਆ ਹੋਵੇਗਾ। ਜਿਵੇਂ ਕਿ :

ਠੰਢੇ ਖੂਹੋਂ ਨਾਇ ਕੇ ਪੱਗ ਵਿਸਾਰ ਆਇਆ ਸਿਰ ਨੰਗੈ। ਘਰ ਵਿਚ ਰੰਨਾਂ ਕਮਲੀਆਂ ਧੁਸੀ ਲੀਤੀ ਦੇਖ ਕੁਢੰਗੈ। ਰੰਨਾਂ ਦੇਖ ਪਿਟੰਦੀਆਂ, ਢਾਹਾਂ ਮਾਰੈ ਹੋਇ ਨਿਸੰਗੈ। ਲੋਕ ਸਿਆਪੇ ਆਇਆ, ਰੰਨਾਂ ਪੁਰਸ਼ ਜੁੜੇ ਲੈ ਪੰਗੈ। ਨਾਇਣ ਪੁਛਦੀ ਪਿਟਦੀਆਂ ਕਿਸ ਦੇ ਨਾਇ ਅਲਾਹੁਣੀ ਅੰਗੈ। ਸਹੁਰੇ ਪੁਛਹੁ ਜਾਇ ਕੈ, ਕੌਣ ਮੁਆ ਨੂੰਹ ਉੱਤਰ ਮੰਗੈ। ਕਾਵਾਂ ਰੌਲੀ ਮੂਰਖ ਸੰਗੈ।੧੯।ਵਾਰ ੩੨।

(ਭਾਈ ਗੁਰਦਾਸ ਜੀ)

ਅਜ ਕਲ ਤਾਂ ਨੰਗੇ ਸਿਰ ਫਿਰਨਾ ਫ਼ੈਸ਼ਨ ਵਿਚ ਸ਼ਾਮਲ ਹੋ ਗਿਆ ਹੈ । ਸਾਡੀਆਂ ਭੈਣਾਂ ਤਾਂ ਸਿਰ ਤੇ ਦੁਪੱਟਾ ਲੈਣਾ ਹੱਤਕ ਸਮਝਦੀਆਂ ਹਨ । ਨੌਜਵਾਨ ਬੀਬੀਆਂ ਦਲੀਲਾਂ ਦਿੰਦੀਆਂ ਹਨ ਕਿ ਅਸੀਂ ਕਿਹੜੀਆਂ ਬੁਢੀਆਂ ਹੋ ਗਈਆਂ ਹਾਂ ਜੋ ਸਿਰ ਤੇ ਲੀੜਾ ਲਈਏ, ਪਰ ਉਨ੍ਹਾਂ ਨੂੰ ਇਹ ਪਤਾ ਨਹੀਂ ਕਿ ਗਲੀ ਬਜ਼ਾਰ ਜਾਂਦਿਆਂ ਮਿੱਟੀ ਉਡ ਕੇ ਉਨ੍ਹਾਂ ਦੇ ਕੇਸਾਂ ਵਿਚ ਪੈਂਦੀ ਹੈ । ਕੁਝ ਸਮਾਂ ਪਹਿਲਾਂ ਨੰਗੇ ਸਿਰ ਫਿਰਦੀ ਹੋਈ ਬੀਬੀ ਵਿਧਵਾ ਸਮਝੀ ਜਾਂਦੀ ਸੀ ਤੇ ਅੱਜ ਦੀਆਂ ਬੀਬੀਆਂ ਨੂੰ ਕੀ ਆਖੀਏ ? ਵਾਹਿਗੁਰੂ ਇਨ੍ਹਾਂ ਨੂੰ ਸੁਮੱਤ ਬਖ਼ਸ਼ੇ।

ਕੇਸਾਂ ਨੂੰ ਸਾਫ ਰਖਣ ਵਾਸਤੇ ਗੁਰੂ ਜੀ ਅਨੁਸਾਰ ਲੱਕੜ ਦਾ ਕੰਘਾ ਮਾਨਯ ਹੈ ਅਤੇ ਕੇਸਾਂ ਦੀ ਸੰਭਾਲ ਲਈ ਸਿੰਘਾਂ ਵਾਸਤੇ ਦਸਤਾਰ ਅਤੇ ਬੀਬੀਆਂ ਵਾਸਤੇ ਸਿਰ (ਦੀ ਛੋਟੀ ਦਸਤਾਰ ਉਪਰ) ਦੁਪੱਟਾ ਲੈਣਾ ਅਤਿਅੰਤ ਜ਼ਰੂਰੀ ਹੈ। ਅਜ ਕਲ੍ਹ ਕਈ ਪ੍ਰਕਾਰ ਦੇ ਦਾੜ੍ਹੀ-ਕੱਟ ਚਲੇ ਹਨ

ਜਿਵੇਂ Russian cut, Hippy cut ਆਦਿ* । ਇਹ ਦਿਨ ਬਦਿਨ ਨਵੇਂ ਨਵੇਂ ਕੱਟ ਕਿਉਂ ਵਧਦੇ ਜਾ ਰਹੇ ਹਨ ? ਇਸ ਬਾਰੇ ਦੂਜੇ ਧਰਮਾਂ ਦੇ ਮੁਕਾਬਲੇ ਵਿਚ ਸਾਡਾ ਪ੍ਰਚਾਰ ਬਹੁਤ ਸੀਮਿਤ ਹੈ । ਅਜੋਕੇ ਮਾਇਆਵਾਦ ਦੇ ਯੁਗ ਵਿਚ ਸਾਨੂੰ ਆਪਣੇ ਧੰਦੇ (Business) ਵਲ ਹੀ ਧਿਆਨ ਰਹਿੰਦਾ ਹੈ । ਅਸੀਂ ਆਪਣੇ ਵਡਮੁੱਲੇ ਵਿਰਸੇ (ਗੁਰਮਤਿ ਸਾਹਿੱਤ) ਨੂੰ ਫਰੋਲਦੇ ਨਹੀਂ ਅਤੇ ਇਸ ਤਰ੍ਹਾਂ ਦਿਨ ਬਦਿਨ ਸਿਖ ਧਰਮ ਢਹਿੰਦੀਆਂ ਕਲਾਂ ਵਿਚ ਜਾ ਰਿਹਾ ਹੈ ।

ਨੌਜਵਾਨ ਵੀਰੋ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਸ ਮਹਾਂਵਾਕ ਨੂੰ ਹਰ ਸਮੇਂ ਦਿਲ ਨਾਲ ਲਾ ਕੇ ਰਖੋ :

'ਰਹਿਤ ਪਿਆਰੀ ਮੁਝ ਕੋ, ਸਿਖ ਪਿਆਰਾ ਨਾਹਿ ।'

ਗੁਰੂ ਸਾਹਿਬਾਨ ਨੇ ਤੁਹਾਡੇ ਕੇਸਾਂ ਤੇ ਪਗੜੀ ਦੀ ਮਹਾਨਤਾ ਕਾਇਮ ਰਖਣ ਲਈ ਬੜੀਆਂ ਕੁਰਬਾਨੀਆਂ ਕੀਤੀਆਂ, ਆਪਾ ਨਿਛਾਵਰ ਕੀਤਾ । ਰੋਜ਼ ਅਰਦਾਸ ਕਰਦੇ ਹਾਂ, ਪਰ ਇਸ ਦਾ ਭਾਵ ਅਸੀਂ ਮਨ ਵਿਚ ਨਹੀਂ ਵਸਾਂਦੇ 'ਜਿਨ੍ਹਾਂ ਗੁਰਮੁਖਾਂ ਨਾਮ ਜਪਿਆ, ਵੰਡ ਛਕਿਆ, ਧਰਮ ਹੇਤ ਸੀਸ ਦਿਤੇ.........ਖੋਪਰੀਆਂ ਉਤਰਵਾਈਆਂ, ਸਿਖੀ ਸਿਦਕ ਕੇਸਾਂ ਸਵਾਸਾਂ ਨਾਲ ਨਿਬਾਹਿਆ......ਤਿਨ੍ਹਾਂ ਸਿੰਘਾਂ ਸਿੰਘਣੀਆਂ ਭੁਜੰਗੀਆਂ ਦੀ ਕਮਾਈ ਦਾ ਧਿਆਨ ਧਰ ਖ਼ਾਲਸਾ ਸਾਹਿਬ ਬੋਲੋ ਜੀ ਵਾਹਿਗੁਰੂ ।' ਇਹ ਧਰਮ ਹੇਤ ਖੋਪਰੀ ਲੁਹਾਉਣ ਵਾਲੇ ਭਾਈ ਤਾਰੂ ਸਿੰਘ ਜੀ ਸਨ, ਜਿਨ੍ਹਾਂ ਦੇ ਕੇਸ ਜ਼ਾਲਮ ਹਤਿਆਰੇ ਨਾ ਕਟ ਸਕੇ ਤੇ ਅੰਤ ਖੋਪਰੀ ਲਾਹ ਦਿਤੀ ਪਰ ਧੰਨ ਸਨ ਭਾਈ ਤਾਰੂ ਸਿੰਘ ਜੀ, ਜਪੁਜੀ ਸਾਹਿਬ ਪੜ੍ਹਦੇ ਪੜ੍ਹਦੇ ਸ਼ਹੀਦ ਹੋ ਗਏ ।

*ਅਜ ਕਲ ਮਰਦਾਂ ਵਾਂਗੂ ਇਹ ਬੀਮਾਰੀ ਔਰਤਾਂ ਵਿਚ ਫੈਲ ਰਹੀ ਹੈ ਅਤੇ ਹਿਪੀਆਂ ਵਾਂਗੂ ਸਿਰ ਦੇ ਵਾਲਾਂ ਦੀ ਕਟ-ਵਢ ਕਰ ਕੇ ਝਾਟੇ ਬਣਾਏ ਜਾਂਦੇ ਹਨ । ਪਹਿਲਾਂ ਤਾਂ ਵਾਲਾਂ ਦੇ ਬਹੁ-ਭਾਂਤੀ ਫ਼ੈਸ਼ਨ ਬਣਾਏ ਜਾਂਦੇ ਸਨ ਜਿਹਾ ਕਿ ਦੋ ਗੁੱਤਾਂ, ਜਲੇਬੀ ਜੂੜਾ, ਪਫ ਜੂੜਾ ਆਦਿ । ਪਰ ਹੁਣ ਵਾਲਾਂ ਦੀ ਕਾਂਟ-ਛਾਂਟ ਕਰ ਕੇ ਪਤਿਤ ਕਰਮ ਕਰਨ ਤਕ ਨੌਬਤ ਪਹੁੰਚ ਗਈ ਹੈ । ਕਦੇ 'ਝਾਟਾ' ਸ਼ਬਦ ਭੈੜੇ ਭਾਵ ਵਿਚ ਵਰਤਿਆ ਜਾਂਦਾ ਸੀ, ਪਰ ਅਜ 'ਝਾਟਾ' ਫ਼ੈਸ਼ਨ ਦੀ ਸ਼ਾਨ ਬਣ ਰਿਹਾ ਹੈ । [ਸੰਪਾਦਕ

ਫੇਰ ਸਿਖਾਂ ਨੂੰ ਸਿਖੀ ਦਾਨ, ਰਹਿਤ ਦਾਨ...... ਸਿਖੀ ਸਿਦਕ ਕੇਸਾਂ ਸਵਾਸਾਂ ਸੰਗ ਨਿਬਾਹੁਣਾ ਆਦਿ ਸ਼ਬਦਾਂ ਵਿਚ ਅਸੀਂ ਅਕਾਲ ਪੁਰਖ ਤੋਂ ਆਪਣੇ ਜੀਵਨ ਦੇ ਅੰਤਮ ਸੁਆਸਾਂ ਤਕ ਕੇਸਾਂ ਦੀ ਬਖ਼ਸ਼ਿਸ਼ ਮੰਗਦੇ ਹਾਂ। ਕੇਸਾਂ ਅਤੇ ਪਗੜੀ (ਦਸਤਾਰ) ਦੀ ਮਹਾਨਤਾ ਕਾਇਮ ਰਖਣੀ ਹੁਣ ਤੁਹਾਡੇ ਹੱਥ ਹੈ । ਕੇਸ ਰਖੋ, ਦੋਨੋਂ ਵਕਤ ਕੰਘਾ ਕਰੋ । ਰੀਝ ਨਾਲ ਦਸਤਾਰ ਸਜਾਉ; ਜਿਵੇਂ ਕਿ :

ਕੰਘਾ ਦੋਨੋਂ ਵਕਤ ਕਰ, ਪਾਗ ਚੁਨੈ ਕਰ ਬਾਂਧਈ ।<br>
ਦਾਤਨ ਨੀਤ ਕਰੈ, ਨਾ ਦੁਖ ਪਾਵੈ ਲਾਲ ਜੀ ।<br>
(ਭਾਈ ਨੰਦ ਲਾਲ ਜੀ)

ਕੇਸਾਂ ਦੀ ਮਹੱਤਤਾ ਬਾਰੇ ਭਾਈ ਸੁੱਖਾ ਸਿੰਘ ਜੀ ਗੁਰ ਬਿਲਾਸ ਪਾ:੧੦' ਵਿਚ ਇਸ ਪ੍ਰਕਾਰ ਵਰਨਣ ਕਰਦੇ ਹਨ—

ਬਿਨਾ ਸ਼ਸਤਰ ਕੇਸੰ ਨਰੰ ਭੇਡ ਜਾਨੋ ।ਗਹੈ ਕਾਨ ਤਾ ਕੋ, ਕਿਤੇ ਲੈ ਸਿਧਾਨੋ । ਇਹ ਮੋਰ ਆਗਿਆ, ਸੁਣੋ ਹੇ ਪਿਆਰੇ । ਬਿਨਾ ਤੇਗ ਕੇਸੰ ਦੇਹੁ ਨਾ ਦੀਦਾਰੇ ।

ਮੇਰੇ ਚੰਗੇ ਵੀਰੋ ਤੇ ਭੈਣੋ, ਜੇ ਆਪ ਗੁਰੂ ਸਾਹਿਬਾਨ ਦੇ ਦਰਸ਼ਨ ਕਰਨਾ ਲੋਚਦੇ ਹੋ ਤਾਂ ਕੇਸਾਂ ਦੀ ਸੇਵਾ-ਸੰਭਾਲ ਆਪ ਨੂੰ ਕਰਨੀ ਪਵੇਗੀ । ਗੁਰੂ ਜੀ ਨੇ ਆਪ ਨੂੰ ਸਰਦਾਰੀ ਬਖ਼ਸ਼ੀ ਹੈ । ਕੇਸਾਂ ਤੇ ਦਸਤਾਰ ਤੋਂ ਬਿਨਾਂ ਆਪ ਨੂੰ 'ਸਰਦਾਰ ਜੀ' ਕੋਈ ਨਹੀਂ ਆਖੇਗਾ । ਅਮਲੀ ਜੀਵਨ ਜੀਉ । ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਸਾਬਤ ਸੂਰਤਿ ਦਸਤਾਰ ਸਿਰਾ' ਦੀ ਮਰਿਆਦਾ ਕਾਇਮ ਰਖਣ ਵਿਚ ਆਪ ਦੇ ਸਹਾਈ ਹੋਣ ।

## ਸਾਝ ਕਰੀਜੈ ਗੁਣਹ ਕੇਰੀ

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥<br>
ਜੇ ਗੁਣ ਹੋਵਨਿ ਸਾਜਨਾ, ਮਿਲਿ ਸਾਝ ਕਰੀਜੈ ॥<br>
ਸਾਝ ਕਰੀਜੈ ਗੁਣਹ ਕੇਰੀ, ਛੋਡਿ ਅਵਗਣ ਚਲੀਐ ॥<br>
ਪਹਿਰੇ ਪਟੰਬਰ ਕਰਿ ਅਡੰਬਰ, ਆਪਣਾ ਪਿੜੁ ਮਲੀਐ ॥<br>
ਜਿਥੈ ਜਾਇ ਬਹੀਐ ਭਲਾ ਕਹੀਐ, ਝੋਲਿ ਅੰਮ੍ਰਿਤੁ ਪੀਜੈ ॥<br>
ਗੁਣਾ ਕਾ ਹੋਵੈ ਵਾਸੁਲਾ, ਕਢਿ ਵਾਸੁ ਲਈਜੈ ॥੩॥ [ਸੂਹੀ ਛੰਤ ਮ: ੧, ਅੰਗ: ੭੬੬

www.AKJ.Org

# ਅਮਰੀਕਨ ਸਜੇ ਸਿੰਘ-ਸਿੰਘਣੀਆਂ ਦਾ ਸੰਗਤਾਂ ਤੇ ਡੂੰਘਾ ਪ੍ਰਭਾਵ

੨੪ ਤੋਂ ੨੭ ਅਕਤੂਬਰ ੭੪ ਤਕ ਕਾਨਪੁਰ ਵਿਚ ਹੋਈ ਸਿਖ ਐਜੂਕੇਸ਼ਨਲ ਕਾਨਫ੍ਰੰਸ ਵਿਖੇ ਐਤਕੀ ਅਮਰੀਕਾ ਵਿਖੇ ਸਜੇ ਸਿੰਘ-ਸਿੰਘਣੀਆਂ ਨੇ ਗੁਰਬਾਣੀ ਦੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ । ਉਨ੍ਹਾਂ ਦੇ ਸੁੰਦਰ ਦਰਸ਼ਨ ਦੀਦਾਰਿਆਂ, ਰਹਿਤ ਰਹਿਣੀ ਅਤੇ ਗੁਰਬਾਣੀ ਕੀਰਤਨ ਦਾ ਉਥੋਂ ਦੀਆਂ ਸੰਗਤਾਂ ਤੇ ਬਹੁਤ ਹੀ ਚੰਗਾ ਪ੍ਰਭਾਵ ਪਿਆ ।

ਅਮਰੀਕਨ ਸਿੰਘ ਸਿੰਘਣੀਆਂ ਦਾ ਚਿੱਟੇ ਬਸਤਰਾਂ ਵਾਲਾ ਸਾਦਾ ਤੇ ਸੋਹਣਾ ਗੁਰਮੁਖੀ ਪਹਿਰਾਵਾ ਸੀ । ਸਿੰਘਾਂ ਦੇ ਭਰਵੇਂ ਦਾਹੜੇ ਪ੍ਰਕਾਸ਼ ਕੀਤੇ ਹੋਏ ਸਨ ਅਤੇ ਬੀਬੀਆਂ ਦੇ ਸਿਰਾਂ ਉਪਰ ਉਜਲ ਦਸਤਾਰੇ ਸਜਾ ਕੇ ਉਪਰੋਂ ਦੁਪੱਟੇ ਲਏ ਹੋਏ ਸਨ । ਇਨ੍ਹਾਂ ਦੀ ਆਮਦ ਸੁਣ ਕੇ ਬੇਅੰਤ ਸੰਗਤਾਂ ਹੁਮ-ਹੁਮਾ ਕੇ ਦੀਵਾਨ ਵਿਚ ਪੁਜੀਆਂ ਅਤੇ ਉਨ੍ਹਾਂ ਦੇ ਦਰਸ਼ਨਾਂ ਦੀ ਤਾਂਘ ਨਾਲ ਇਤਨੀਆਂ ਉਮਡ ਉਮਡ ਆਈਆਂ ਕਿ ਤਿਲ ਸੁਟਣ ਨੂੰ ਥਾਂ ਨਹੀਂ ਸੀ ਮਿਲਦਾ ।

ਇਸ ਸਮੇਂ ਦੀ ਖ਼ਾਸ ਵਰਨਣ ਯੋਗ ਗੱਲ ਇਹ ਹੈ ਕਿ ਅਮਰੀਕਨ ਜੱਥੇ ਦੇ ਕੀਰਤਨ ਕਰ ਚੁਕਣ ਪਿਛੋਂ ਮੁਜ਼ੱਫ਼ਰ ਨਗਰ ਦੇ ਕੀਰਤਨੀਏ (ਸੰਤ) ਰਾਮ ਸਿੰਘ ਜੀ ਨੇ ਖੜੇ ਹੋ ਕੇ ਕਿਹਾ ਕਿ ਦੇਖੋ ਸਿੰਘੋ, ਇਹ ਅਮਰੀਕਨ ਸਿੰਘ ਸਿੰਘਣੀਆਂ ਦੇ ਦਰਸ਼ਨ ਕਿਤਨੇ ਪ੍ਰਭਾਵਸ਼ਾਲੀ ਹਨ । ਇਨ੍ਹਾਂ ਦਾ ਮੁਖੀਆ ਸਿੰਘ (ਰਾਮਦਾਸ ਸਿੰਘ) ਜੋ ਅਮਰੀਕਾ ਵਿਚ ਐਡਵੋਕੇਟ ਹੈ ਅਤੇ ਜਿਸ ਨੇ ਅਮਰੀਕੀ ਫ਼ੌਜ ਵਿਚ ਭਰਤੀ ਹੋਏ ਅਮਰੀਕਨ ਸਿੰਘ-ਸਿੰਘਣੀਆਂ ਦੇ ਸਿਖੀ ਸਰੂਪ ਵਾਲੇ ਯੂਨੀਫਾਰਮ ਦਾ ਕੇਸ ਜਿਤ ਕੇ ਉਥੋਂ ਦੇ ਨਿਯਮਾਂ ਵਿਚ ਤਬਦੀਲੀ ਕਰਵਾ ਦਿਤੀ ਹੈ, ਇਸ ਦਾ ਕਿਤਨਾ ਲੰਮਾ ਤੇ ਭਰਵਾਂ ਦਾੜ੍ਹਾ ਹੋਣ ਦੇ ਬਾਵਜੂਦ ਵੀ ਪ੍ਰਕਾਸ਼ਮਾਨ ਹੈ । ਪਰ ਤੁਸੀਂ ਦਾੜ੍ਹੀਆਂ ਚੜ੍ਹਾਉਂਦੇ ਹੋ, ਇਹ ਬੇਅਬਦੀ ਹੈ । ਅਜ ਇਨ੍ਹਾਂ ਅਮਰੀਕਨ ਸਿੰਘਾਂ ਤੋਂ ਸਬਕ ਲੈਣਾ ਚਾਹੀਦਾ ਹੈ । ਇਸ ਪਰ (ਸੰਤ) ਰਾਮ ਸਿੰਘ ਜੀ ਨੇ ਸ਼ਹਿਰ ਦੇ ਮੁਖੀ ਤੇ ਪਤਵੰਤੇ ਸਜਣ ਸ: ਸ਼ਮਸ਼ੇਰ ਸਿੰਘ ਚੇਅਰਮੈਨ ਹੇਮਕੁੰਟ ਟ੍ਰਸਟ ਨੂੰ ਪ੍ਰੇਰਿਆ । ਸਰਦਾਰ ਜੀ ਨੇ ਉਸੇ ਵਕਤ ਆਪਣਾ ਦਾੜ੍ਹਾ ਪ੍ਰਕਾਸ਼ ਕਰ ਲਿਆ । ਇਸ ਤੋਂ ਬਾਅਦ ਉਨ੍ਹਾਂ ਦੇ ਭਰਾਤਾ ਸ: ਸਜਣ ਸਿੰਘ ਜੀ ਵੀ ਪ੍ਰੇਰੇ ਗਏ ਅਤੇ ਦਾੜ੍ਹਾ ਪ੍ਰਕਾਸ਼ ਕਰ ਲਿਆ । ਇਹ ਦੇਖ ਕੇ ਅਮਰੀਕਨ ਸਿੰਘ-ਸਿੰਘਣੀਆਂ ਨੇ ਆਪਣੇ ਗਲਾਂ ਚੋਂ ਹਾਰ ਲਾਹ ਕੇ ਉਨ੍ਹਾਂ ਦੇ ਗਲਾਂ ਵਿਚ ਪਾ ਦਿਤੇ ਅਤੇ ਜੈਕਾਰਿਆਂ ਦੀਆਂ ਗੂੰਜਾਂ ਵਿਚ ਖ਼ੁਸ਼ੀਆਂ ਮਨਾਈਆਂ ਗਈਆਂ । ਇਸ ਸਮੇਂ ਬੰਬਈ ਦੇ ਕੀਰਤਨੀਏ ਸ: ਮੋਹਣ ਸਿੰਘ ਜੀ, ਸ: ਕਰਤਾਰ ਸਿੰਘ ਜੀ ਸਟੇਜ ਸੈਕਟਰੀ, ਸ: ਸੁਰਜੀਤ ਸਿੰਘ ਜੀ ਮਜੀਠੀਆ ਅਤੇ ਹੋਰ ਬਹੁਤ ਗਿਣਤੀ ਵਿਚ ਸਿੰਘਾਂ ਨੇ ਦਾੜ੍ਹੇ ਪ੍ਰਕਾਸ਼ ਕਰ ਲਏ ।

ਸ: ਸ਼ਮਸ਼ੇਰ ਸਿੰਘ ਜੀ ਤੋਂ ਇਕ ਸਿੰਘ ਨੇ ਪੁਛਿਆ ਕਿ ਤੁਸੀਂ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਦਾੜ੍ਹਾ ਪ੍ਰਕਾਸ਼ ਕੀਤਾ ਹੈ, ਇਹ ਕਦ ਤਕ ਨਿਭਾਓਗੇ ? ਤਾਂ ਉਨ੍ਹਾਂ ਨਿਮਰਤਾ ਸਹਿਤ ਉਤਰ ਦਿਤਾ ਕਿ ਦਾਸ ਨੂੰ ਸਾਧ ਸੰਗਤ ਅਸੀਸ ਬਖ਼ਸ਼ੇ ਕਿ ਇਹ ਆਖ਼ਰੀ ਸੁਆਸ ਤਕ ਇਸੇ ਤਰ੍ਹਾਂ ਤੋੜ ਨਿਭੇ ।

(ਸੰਤ) ਰਾਮ ਸਿੰਘ ਜੀ ਨੇ ਦਸਿਆ ਕਿ ਅਮਰੀਕਾ ਦੇ ਸਿੰਘ ਸਿੰਘਣੀਆਂ ਤੋਂ ਹੋਰ ਸਿਖਿਆ ਲਓ । ਉਹ ਉਸ ਮੁਲਕ ਦੇ ਵਸਨੀਕ ਹਨ ਜਿਥੇ ਜਨਮ ਤੋਂ ਹੀ ਮਾਸ ਸ਼ਰਾਬ ਦੀ ਵਰਤੋਂ ਸ਼ੁਰੂ ਹੋ ਜਾਂਦੀ ਹੈ, ਪਰ ਇਹ ਧੰਨ ਹਨ ਅਤੇ ਹੈਰਾਨੀ ਵਾਲੀ ਗੱਲ ਹੈ ਕਿ ਇਹ ਮਾਸ ਸ਼ਰਾਬ ਦੇ ਨੇੜੇ ਤਕ ਨਹੀਂ ਜਾਂਦੇ ਅਤੇ ਇਨ੍ਹਾਂ ਦੀ ਵਰਤੋਂ ਕਰਨ ਤੋਂ ਦੂਸਰਿਆਂ ਨੂੰ ਵਰਜਦੇ ਹਨ । ਇਨ੍ਹਾਂ ਗੱਲਾਂ ਦਾ ਸਿਖ ਸੰਗਤਾਂ ਤੇ ਚੰਗਾ ਡੂੰਘਾ ਪ੍ਰਭਾਵ ਪਿਆ ਅਤੇ ਕਈਆਂ ਨੇ ਮਾਸ ਸ਼ਰਾਬ ਛਡਣ ਦੇ ਪ੍ਰਣ ਲਏ ।

ਮੁਖੀਆ ਸਿੰਘ, ਰਾਮਦਾਸ ਸਿੰਘ ਜੀ ਨੇ ਆਪਣੇ ਭਾਸ਼ਨ ਵਿਚ ਕਿਹਾ ਕਿ ਅਸੀਂ ਅਮਰੀਕਾ ਵਿਚ ਵਸਦੇ ਹੋਏ ਮਾਸ ਸ਼ਰਾਬ ਨਹੀਂ ਵਰਤਦੇ, ਉਥੇ ਅਸਾਂ ਨੇ ਸ਼ਾਕਾਹਾਰੀ ਹੋਟਲ ਭੀ ਖੋਲ੍ਹੇ ਹੋਏ ਹਨ । ਅਸੀਂ ਦਸਤਾਰਾਂ ਸਜਾਏ ਹੋਏ ਖੁਲ੍ਹੇ ਦਾੜ੍ਹਿਆਂ ਨਾਲ ਇਸੇ ਸਰੂਪ ਵਿਚ ਹੀ ਦਫ਼ਤਰਾਂ ਵਿਚ, ਕਚਹਿਰੀਆਂ ਵਿਚ ਤੇ ਹੋਰ ਸਭਨੀ ਥਾਈਂ ਆਪਣੇ ਕਾਰਾਂ ਵਿਹਾਰਾਂ ਅਤੇ ਸਰਕਾਰੀ ਨੌਕਰੀਆਂ ਤੇ ਜਾਂਦੇ ਹਾਂ, ਸਾਨੂੰ ਹੁਣ ਕਿਸੇ ਕਿਸਮ ਦੀ ਰੋਕ ਟੋਕ ਨਹੀਂ ਹੈ ।


www.AKJ.org

ਇਹ ਦਸਕਾਰ ਸਾਨੂੰ ਸਿੰਘਾਂ ਸਿੰਘਣੀਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿਰ ਦਾ ਤਾਜ ਬਖ਼ਸ਼ਿਆ ਹੋਇਆ ਹੈ, ਜੋ ਸਾਨੂੰ ਚੜ੍ਹਦੀ ਕਲਾ ਵਿਚ ਰਖਦਾ ਹੈ।

ਕੁਝ ਵਿਰੋਧੀ ਖਿਆਲਾਂ ਦੇ ਸਜਣਾਂ ਨੇ ਇਨ੍ਹਾਂ ਅਮਰੀਕਨ ਸਿੰਘਾਂ ਪੁਰ ਮਾਸ ਅਤੇ ਦਸਤਾਰ ਬਾਰੇ ਕਈ ਪੁਠੇ ਸਿਧੇ ਸਵਾਲ ਕੀਤੇ, ਜਿਨ੍ਹਾਂ ਦੇ ਉਨ੍ਹਾਂ ਨੇ ਚੰਗੇ ਪ੍ਰਭਾਵ-ਸ਼ਾਲੀ ਉਤਰ ਦੇ ਕੇ ਉਨ੍ਹਾਂ ਦੇ ਮੂੰਹ ਬੰਦ ਕਰ ਦਿਤੇ। ਉਨ੍ਹਾਂ ਦਸਿਆ ਕਿ ਮਾਸ ਖਾਣ ਵਾਲੇ ਨਾਮ ਨਹੀਂ ਜਪ ਸਕਦੇ। ਅਸੀਂ ਮਾਸ ਨਾ ਖਾਂਦੇ ਹਾਂ ਅਤੇ ਨਾ ਹੀ ਖਾਵਾਂਗੇ, ਅਤੇ ਮਾਸ ਨਾ ਖਾਣ ਦਾ ਹੀ ਪਰਚਾਰ ਕਰਾਂਗੇ।

ਇਸ ਕਾਨਫਰੰਸ ਵਿਚ ਤਤ ਗੁਰਮਤਿ ਰਹਿਤ ਰਹਿਣੀ ਦੀਆਂ ਵਿਚਾਰਾਂ ਨਾਲ ਸੰਗਤਾਂ ਨੇ ਕਈ ਚੰਗੇ ਪ੍ਰਭਾਵ ਗ੍ਰਹਿਣ ਕੀਤੇ।

ਅਮਰੀਕਾ ਵਿਚ ਸਿਖੀ ਪਰਚਾਰ ਦੇ ਮੁਖੀ ਸੰਚਾਲਕ ਸ: ਹਰਭਜਨ ਸਿੰਘ ਜੀ ਜੋਗੀ ਦੀਵਾਲੀ ਸਮੇਂ ਸ੍ਰੀ ਅੰਮ੍ਰਿਤਸਰ ਪੁਜੇ ਅਤੇ ਉਨ੍ਹਾਂ ਨੇ ਮੰਜੀ ਸਾਹਿਬ ਦੀਵਾਨ-ਅਸਥਾਨ ਵਿਖੇ ਆਪਣੇ ਪੰਜ-ਮਿੰਟੀ ਭਾਸ਼ਨ ਵਿਚ ਕਿਹਾ ਕਿ ਇਨ੍ਹਾਂ ਅਮਰੀਕਨ ਸਜੇ ਸਿੰਘ ਸਿੰਘਣੀਆਂ ਨੇ ਗੁਰੂ ਮਹਾਰਾਜ ਜੀ ਦੀ ਬਖ਼ਸ਼ਸ਼-ਪ੍ਰੇਰਨਾ ਨਾਲ ਗੁਰਸਿਖੀ ਵਿਚ ਪਰਵੇਸ਼ ਕੀਤਾ ਹੈ। ਇਹ ਭਾਰਤ ਵਿਚ ਕਿਸੇ ਪਾਸੋਂ ਸਤਿਕਾਰ ਲੈਣ ਜਾਂ ਆਪਣੀ ਉਸਤਤ ਕਰਾਉਣ ਨਹੀਂ ਆ ਰਹੇ, ਸਗੋਂ ਪਿਤਾ ਗੁਰੂ ਰਾਮਦਾਸ ਜੀ ਦੇ ਸਾਜੇ ਨਿਵਾਜੇ ਸ੍ਰੀ ਹਰਿਮੰਦਰ ਵਿਖੇ ਆਪਣੀ ਸ਼ਰਧਾ ਦੇ ਫੁਲ ਭੇਟ ਕਰਨ ਆ ਰਹੇ ਹਨ। ਮੈਂ ਗੁਰਸਿਖ ਸੰਗਤਾਂ ਨੂੰ ਬੇਨਤੀ ਕਰਦਾ ਹਾਂ ਕਿ ਆਪ ਇਨ੍ਹਾਂ ਦੀ ਸ਼ਰਧਾ ਤੇ ਪਿਆਰ ਵਿਚ ਵਿਘਨ ਨਾ ਪਾਓ ਅਤੇ ਵਿੰਗੇ ਟੇਢੇ ਪ੍ਰਸ਼ਨ ਕਰ ਕਰ ਕੇ ਇਨ੍ਹਾਂ ਨੂੰ ਪ੍ਰੇਸ਼ਾਨ ਨਾ ਕਰੋ। ਤੁਸੀਂ ਇਨ੍ਹਾਂ ਨੂੰ ਪੁਛਦੇ ਹੋ ਕਿ ਇਹ ਮਾਸ ਸ਼ਰਾਬ ਕਿਉਂ ਨਹੀਂ ਵਰਤਦੇ। ਇਸ ਦੇ ਉਤਰ ਵਿਚ ਮੈਂ ਆਪ ਤੋਂ ਪੁਛਦਾ ਹਾਂ ਕਿ ਕੀ ਗੁਰੂ ਰਾਮਦਾਸ ਜੀ ਦੇ ਲੰਗਰ ਵਿਚ ਤੁਸੀਂ ਮਾਸ ਬਣਾਂਦੇ ਹੋ? ਕੀ ਲੰਗਰ ਵਿਚ ਮਾਸ ਵਰਤਣ ਦੀ ਖੁਲ੍ਹ ਹੈ? ਜੋ ਮਾਸ ਗੁਰੂ ਕੇ ਲੰਗਰ ਵਿਚ ਵਿਵਰਜਿਤ ਹੈ, ਉਹ ਮਾਸ ਕਿਵੇਂ ਇਹ ਅਮਰੀਕਨ ਜਾਂ ਕੋਈ ਸਿਖ ਖਾ ਸਕਦਾ ਹੈ? ਅਤੇ ਜੋ ਖਾਂਦੇ ਹਨ, ਉਹ ਇਸ ਦਾ ਉਤਰ ਦੇਣ। ਇਸੇ ਤਰ੍ਹਾਂ ਜਿਹੜੇ ਸਜਣ ਇਨ੍ਹਾਂ ਦੇ ਸਾਦੇ ਗੁਰਸਿਖੀ ਲਿਬਾਸ ਉਤੇ ਕੁਤਰਕਾਂ ਕਰਦੇ ਹਨ, ਉਹ ਦਸਣ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਗ੍ਰੰਥੀ ਸਾਹਿਬਾਨ ਕੋਟ ਪਤਲੂਣ ਪਹਿਰ ਕੇ ਤਾਬੇ ਸਜਦੇ ਹਨ ਜਾਂ ਇਸੇ ਗੁਰਸਿਖੀ ਬਾਣੇ ਵਿਚ? ਇਸ ਲਈ ਮੈਂ ਆਪ ਪਾਸ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਸਿੰਘਾਂ ਸਿੰਘਣੀਆਂ ਨੂੰ ਐਸੇ ਵੈਸੇ ਸਵਾਲ ਕਰ ਕੇ ਪ੍ਰੇਸ਼ਾਨ ਨਾ ਕਰੋ।

ਗੁਰਸਿਖੀ ਤੇ ਤੱਤ ਰਹਿਤ ਮਰਯਾਦਾ ਦੀ ਇਹ ਜੋ ਲਹਿਰ ਅਮਰੀਕਾ ਵਿਚ ਚਲੀ ਹੈ, ਦਿਨ ਬਦਿਨ ਚੜ੍ਹਦੀ ਕਲਾ ਵਿਚ ਜਾ ਰਹੀ ਹੈ। ਅਮਰੀਕਾ ਵਿਚ ਗੁਰਮਤਿ ਸਿਖਲਾਈ ਦੇ ਵਖ ਵਖ ਸ਼ਹਿਰਾਂ ਵਿਚ ਸਵਾ ਸੌ ਤੋਂ ਵਧ ਕੇਂਦਰ ਬਣ ਚੁਕੇ ਹਨ ਅਤੇ ਇਕ ਇਕ ਕੇਂਦਰ ਵਿਚ ਗੁਰਮਤਿ ਸਿਖਿਆ ਲੈਣ ਵਾਲੇ ਅਮਰੀਕਨ ਨੌਜਵਾਨ ਬੱਚੇ ਬੱਚੀਆਂ ਹਜ਼ਾਰਾਂ ਦੀ ਗਿਣਤੀ ਵਿਚ ਦਿਲਚਸਪੀ ਲੈ ਰਹੇ ਹਨ। ਕੁਲ ਗਿਣਤੀ ਲਖਾਂ ਤਕ ਪਹੁੰਚ ਚੁਕੀ ਹੈ। ਸਮਾਂ ਦਸੇਗਾ ਕਿ ਇਹ ਲਹਿਰ ਕਿਸੇ ਦਿਨ ਸਾਰੀ ਦੁਨੀਆ ਵਿਚ ਫੈਲੇਗੀ ਅਤੇ ਸਾਰੀ ਸ੍ਰਿਸ਼ਟੀ ਦੇ ਜੀਵ ਗੁਰੂ ਨਾਨਕ ਦੇਵ ਜੀ ਦਾ ਮਿਸ਼ਨ ਗ੍ਰਹਿਣ ਕਰਨਗੇ। ਅਤੇ ਇਹ ਵਾਕ ਪੂਰੇ ਹੋਣਗੇ —

ਕਲਿਜੁਗੁ ਉਧਾਰਿਆ ਗੁਰਦੇਵ ॥
ਮਲ ਮੂਲ ਮੂੜ ਜਿ ਮੁਘਦ ਹੋਤੇ,
ਸਭਿ ਲਗੇ ਤੇਰੀ ਸੇਵ ॥
ਅਤੇ—ਧਰਮ ਰਾਜਾ ਬਿਸਮਾਦੁ ਹੋਆ,
ਸਭ ਪਈ ਪੈਰੀ ਆਇ ॥

[ਆਸਾ ਮ: ੫, ਪੰਨਾ ੪੦੬

---

ਆਪਸ ਕਉ ਜੋ ਭਲਾ ਕਹਾਵੈ ॥ ਤਿਸਹਿ ਭਲਾਈ ਨਿਕਟਿ ਨ ਆਵੈ ॥
ਸਰਬ ਕੀ ਰੇਨ ਜਾ ਕਾ ਮਨੁ ਹੋਇ ॥ ਕਹੁ ਨਾਨਕ ਤਾ ਕੀ ਨਿਰਮਲ ਸੋਇ ॥

[ਸੁਖਮਨੀ ਸਾਹਿਬ

www.AKJ.Org

# ਮਾਸ ਖਾਣਾ ਮਨੁੱਖ ਨੂੰ ਵਿਵਰਜਿਤ ਹੈ

## [ਵਖ ਵਖ ਧਰਮ-ਗ੍ਰੰਥਾਂ ਅਤੇ ਮਹਾਂ ਪੁਰਖਾਂ ਦੇ ਵੀਚਾਰ]

ਜਿਹੜੇ ਪੁਰਸ਼ ਆਪਣੀ ਮਨ-ਮਰਜ਼ੀ ਅਨੁਸਾਰ ਵਧ ਤੋਂ ਵਧ ਸੁਆਦਾਂ ਦੇ ਰਸਾਂ ਨੂੰ ਭੋਗਣਾ ਹੀ ਜੀਵਨ ਦਾ ਮਕਸਦ ਸਮਝਦੇ ਹਨ ਉਹ ਪੰਜ-ਭੂਤਕੀ ਪਸਾਰੇ ਵਿਚ ਬੁਰੀ ਤਰ੍ਹਾਂ ਉਲਝੇ ਹੋਏ ਹਨ। ਉਨ੍ਹਾਂ ਦੇ ਅੰਦਰ ਨਾ ਤਾਂ ਮਾਲਕ ਦੇ ਮਿਲਣ ਦੀ ਤੜਪ ਹੈ ਅਤੇ ਨਾ ਹੀ ਉਹ ਇਸ ਦੀ ਲੋੜ ਸਮਝਦੇ ਹਨ। ਜਿਹੜੇ ਲੋਕ ਮਨੁੱਖੀ ਜੀਵਨ ਦਾ ਮਨੋਰਥ ਰਸਾਂ ਕਸਾਂ ਦਾ ਭੋਗਣਾ ਹੀ ਸਮਝਦੇ ਹਨ ਉਹ ਜੋ ਮਰਜ਼ੀ ਹੈ, ਖਾਣ ਪੀਣ ਤੇ ਐਸ਼ ਉਡਾਉਣ; ਪਰ ਉਹ ਸਜਣ ਪੁਰਸ਼, ਜਿਨ੍ਹਾਂ ਦੇ ਅੰਦਰ ਮਾਲਕ ਦਾ ਪਿਆਰ ਹੈ, ਮਾਲਕ ਦੇ ਮਿਲਣ ਦੀ ਤੜਪ ਹੈ, ਅੰਦਰ ਭੈ-ਭਾਵਨੀ ਹੈ, ਅਜਿਹੇ ਲੋਕਾਂ ਲਈ ਮਾਸ ਖਾਣਾ ਤਾਂ ਦੂਰ ਰਿਹਾ, ਸਗੋਂ ਇੰਦਰੀਆਂ ਨੂੰ ਪ੍ਰਬਲ ਕਰਨ ਵਾਲੇ ਅਤੇ ਮਨ ਨੂੰ ਇੰਦਰੀਆਂ ਵਲ ਖਿਚਣ ਵਾਲੇ ਅਹਾਰ ਵੀ ਤਿਆਗਣੇ ਜ਼ਰੂਰੀ ਹਨ, ਜਿਹਾ ਕਿ ਮਾਸ, ਮੱਛੀ, ਅੰਡਾ, ਸ਼ਰਾਬ ਅਤੇ ਮਸਾਲੇਦਾਰ ਚਟਕੀਲੇ ਭੋਜਨ ਆਦਿ। ਭੈ-ਭਾਵਨੀ ਵਾਲਾ ਪੁਰਸ਼ ਤਾਂ ਰੁਖੀ-ਸੁਖੀ ਸਾਦਾ ਖ਼ੁਰਾਕ ਖਾ ਕੇ ਹੀ ਸੰਤੁਸ਼ਟ ਰਹਿੰਦਾ ਹੈ, ਕਿਉਂ ਜੁ ਉਸ ਦੀ ਖ਼ੁਰਾਕ ਤਾਂ ਕੁਝ ਹੋਰ ਹੁੰਦੀ ਹੈ, ਜਿਸ ਦੀ ਕਿ ਉਸ ਨੂੰ ਭਾਲ ਤੇ ਲਗਨ ਹੁੰਦੀ ਹੈ। ਹੰਸਾਂ ਦੀ ਚੋਗ ਮੋਤੀ ਹੁੰਦੀ ਹੈ ਪਰ ਬਗਾਂ ਦੀ ਮੱਛੀਆਂ ਤੇ ਡੱਡੂ।

ਮਾਸ ਮਛੀ ਆਦਿ ਦੇ ਤਿਆਗਣ ਬਾਰੇ ਵਖ ਵਖ ਧਰਮ-ਗ੍ਰੰਥਾਂ ਅਤੇ ਮਹਾਂ ਪੁਰਖਾਂ ਦੇ ਹਵਾਲੇ ਹੇਠ ਦਿਤੇ ਜਾਂਦੇ ਹਨ। ਪਾਠਕ ਆਪ ਹੀ ਇਨ੍ਹਾਂ ਨੂੰ ਵਿਚਾਰ ਲੈਣ।

**ਗੁਰਬਾਣੀ ਅਥਵਾ ਭਗਤ ਬਾਣੀ ਵਿਚੋਂ—**

ਇਕ ਇਨਸਾਨ ਅਜਿਹੀ ਬ੍ਰਿਤੀ ਵਿਚ ਹਨ ਜੋ ਕਿ ਦੁਨੀਆ ਦੀਆਂ ਲੱਜ਼ਤਾਂ (ਸੁਆਦਲੇ ਭੋਗ ਭੋਗਣ) ਵਿਚ ਲੀਨ ਹਨ ਅਤੇ ਪਰਮਾਰਥੀ ਜੀਵਨ ਵਿਚ ਵਿਚਰਨਾ ਨਹੀਂ ਚਾਹੁੰਦੇ। ਉਹ ਅਗਿਆਨਤਾ ਤੇ ਮਨਮੁਖਤਾ ਦੀ ਪ੍ਰਬਲ ਰੁਚੀ ਦੇ ਅਧੀਨ ਅਸਲੀਅਤ ਨੂੰ ਜਾਣੇ ਬਿਨਾਂ ਅੰਧ ਘੋਰ ਵਿਚ ਜ਼ਿੰਦਗੀ ਬਿਤਾ ਰਹੇ ਹਨ। ਜਪੁਜੀ ਸਾਹਿਬ ਦੀ ੧੮ਵੀਂ ਪਉੜੀ ਅਜਿਹੀ ਬ੍ਰਿਤੀ ਵਾਲੇ ਮੂੜ੍ਹ ਪੁਰਸ਼ਾਂ ਪ੍ਰਥਾਇ, ਜੋ ਆਪਣੇ ਆਪ ਚਾਹੇ ਕਿੰਨੇ ਸਿਆਣੇ ਬਣੇ ਫਿਰਨ, ਠੀਕ ਘਟਦੀ ਹੈ :—

ਅਸੰਖ ਮੂਰਖ ਅੰਧ ਘੋਰ ॥ ਅਸੰਖ ਚੋਰ ਹਰਾਮ ਖੋਰ ॥ ਅਸੰਖ ਅਮਰ ਕਰਿ ਜਾਹਿ ਜੋਰ ॥ **ਅਸੰਖ ਗਲਵਢ ਹਤਿਆ ਕਮਾਹਿ** ॥ ਅਸੰਖ ਪਾਪੀ ਪਾਪੁ ਕਰਿ ਜਾਹਿ ॥ ਅਸੰਖ ਕੂੜਿਆਰ ਕੂੜੇ ਫਿਰਾਹਿ ॥ ਅਸੰਖ ਮਲੇਛ ਮਲੁ ਭਖਿ ਖਾਹਿ ॥

[ਜਪੁਜੀ, ੧੮ਵੀਂ ਪਉੜੀ

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥ ਜਿਤੁ ਖਾਧੈ ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ ॥

[ਸਿਰੀ ਰਾਗ ਮਹਲਾ ੧

ਪੂਜਾ ਤਿਲਕ ਕਰਤ ਇਸਨਾਨਾਂ ॥ ਛੁਰੀ ਕਾਢਿ ਲੇਵੈ ਹਥਿ ਦਾਨਾ ॥ ਬੇਦੁ ਪੜੈ ਮੁਖਿ ਮੀਠੀ ਬਾਣੀ ॥ ਜੀਆਂ ਕੁਹਤ ਨ ਸੰਗੈ ਪਰਾਣੀ ॥ [ਗਉੜੀ ਮਹਲਾ ੫

ਰੋਜਾ ਧਰੈ ਮਨਾਵੈ ਅਲਹੁ, ਸੁਆਦਤਿ ਜੀਅ ਸੰਘਾਰੈ ॥ ਆਪਾ ਦੇਖਿ ਅਵਰ ਨਹੀ ਦੇਖੈ, ਕਾਹੇ ਕਉ ਝਖ ਮਾਰੈ ॥੧॥ [ਆਸਾ ਕਬੀਰ ਜੀ

ਕਬੀਰ. ਭਾਂਗ ਮਾਛੁਲੀ ਸੁਰਾਪਾਨਿ, ਜੋ ਜੋ ਪ੍ਰਾਨੀ ਖਾਂਹਿ ॥ ਤੀਰਥ ਬਰਤ ਨੇਮ ਕੀਏ, ਤੇ ਸਭੈ ਰਸਾਤਲਿ ਜਾਂਹਿ ॥ [ਸਲੋਕ ਕਬੀਰ ਜੀ

ਕਬੀਰ ਜੋਰੁ ਕੀਆ ਸੋ ਜੁਲਮੁ ਹੈ, ਲੇਇ ਜਬਾਬੁ ਖੁਦਾਇ ॥ ਦਫਤਰਿ ਲੇਖਾ ਨੀਕਸੈ, ਮਾਰ ਮੁਹੈ ਮੁਹਿ ਖਾਹਿ ॥ [ਸਲੋਕ ਕਬੀਰ ਜੀ

ਮਾਸ ਖਾਣ ਗਲ ਵਢ ਕੇ, ਹਾਲ ਤਿਨਾੜਾ ਕਉਣ ਹੋਵਸੀ ॥ [ਭਾਈ ਗੁਰਦਾਸ ਜੀ

ਜੇ ਕਸਾਈ ਉਧਰਿਆ, ਜੀਆਂ ਘਾਇ ਨ ਖਾਈਐ ਭੰਗਾ ॥ [ਭੰਗਾ—ਮਾਸ] [ਭਾਈ ਗੁਰਦਾਸ ਜੀ

**ਹੁਕਮਨਾਮਿਆਂ ਵਿਚੋਂ—**

ਛੇਵੇਂ ਸਤਿਗੁਰੂ ਹਰਿ ਗੋਬਿੰਦ ਸਾਹਿਬ ਜੀ ਵਲੋਂ ਸੰਗਤ ਪਵਣ, ਆਲਮ ਗੰਜ, ਬੰਨਾ ਤੇ ਮੰਗੇਰ ਆਦਿ ਜੋਗ :



www.AKJ.Org

"ਮਾਸ ਮਛੀ ਦੇ ਨੇੜੇ ਨਹੀਂ ਆਵਣਾ ॥"

[ਹੁਕਮਨਾਮਾ ਨੰਬਰ ੨, ਪੰਨਾ ੬੫

ਗੁਰੂ ਹਰਿ ਗੋਬਿੰਦ ਸਾਹਿਬ ਨੇ ਇਕ ਹੁਕਮਨਾਮਾ ਪੂਰਬ ਦੀ ਸੰਗਤ ਵਲ ਲਿਖਿਆ,

"ਮਾਸ ਮਛੀ ਦੇ ਨੇੜੇ ਨਹੀਂ ਆਵਣਾ।"

[ਹੁਕਮਨਾਮਾ ਨੰਬਰ ੩, ਪੰਨਾ ੬੭

"ਦਬਿਸਤਾਨਿ ਮਜ਼ਾਹਿਬ ਦਾ ਲੇਖਕ ਜੋ ੧੭ਵੀਂ ਸਦੀ ਵਿਚ ਹੋਇਆ ਹੈ, ਲਿਖਦਾ ਹੈ ਕਿ ਗੁਰੂ ਨਾਨਕ ਸ਼ਰਾਬ ਪੀਣ ਤੇ ਮਾਸ ਖਾਣ ਦੇ ਹੱਕ ਵਿਚ ਨਹੀਂ ਸਨ।"

[ਜ਼ੁਲਫ਼ਿਕਾਰ-ਅਰ-ਦਸਤਾਣੀ

**ਮਨੂੰ ਸਿਮ੍ਰਤੀ ਵਿਚੋਂ—**

"ਸੰਸਾਰ ਵਿਚ ਉਸ ਨਾਲੋਂ ਵਡਾ ਹੋਰ ਕੋਈ ਗੁਨਾਹਗਾਰ ਨਹੀਂ ਜਿਹੜਾ ਦੂਜਿਆਂ ਦਾ ਮਾਸ ਖਾ ਕੇ ਆਪਣਾ ਮਾਸ ਵਧਾਉਣ ਵਿਚ ਲਗਿਆ ਹੋਇਆ ਹੈ।"

[ਮਨੂੰ ਸਿਮ੍ਰਤੀ ਕਾਂਡ ੫, ੪੮-੫੨

**ਲੰਕਾਵਤਾਰ ਸੂਤਰ ਅਠਵੇਂ ਕਾਂਡ ਵਿਚੋਂ—**

"......ਜਿਹੜਾ ਬੋਧੀ ਉਚੀ ਅਵਸਥਾ ਪ੍ਰਾਪਤ ਕਰਨਾ ਚਾਹੁੰਦਾ ਹੈ ਉਸ ਨੂੰ ਮਾਸ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।..... ਚੰਗੇ ਬੋਧੀ ਨੂੰ ਤਾਂ ਆਪਤ ਕਾਲ ਵਿਚ ਵੀ ਮਾਸ ਖਾਣਾ ਜਾਇਜ਼ ਨਹੀਂ ।..... ਅਜਿਹੇ ਪੁਰਸ਼ਾਂ ਨੂੰ ਨਿਰਵਾਣ ਮਿਲਣਾ ਤਾਂ ਕਿਤੇ ਰਿਹਾ; ਮਨੁੱਖਾ ਦੇਹੀ ਵਿਚ ਵੀ ਦੁਬਾਰਾ ਨਹੀਂ ਆ ਸਕਦਾ।"

**ਈਸਾਈ ਧਰਮ ਤੇ ਮਾਸ ਖਾਣਾ—**

"ਤੁਸੀਂ ਜੀਵ-ਹਤਿਆ ਨਹੀਂ ਕਰੋਗੇ।"

[ਸੇਂਟ ਮਤੀ, ੫: ੨੧

"ਜੀਵ-ਹਤਿਆ ਨਾ ਕਰੋ ॥

[ਸੇਂਟ ਲੂਕ ੧੮:੨ ਅਤੇ ਸੇਂਟ ਮਰਕਸ, ੧੦:੧੯

"ਮੇਰੇ ਪਿਆਰੇ, ਮੈਂ ਤੈਨੂੰ ਅਜਨਬੀ ਸਮਝਦਾ ਹਾਂ। ਯਾਤਰਾ ਕਰਨ ਵਾਲੇ ਜਾਨਵਰਾਂ ਦੇ ਮਾਸ ਤੋਂ ਪਰਹੇਜ਼ ਕਰਦੇ ਹਨ। ਜ਼ਬ੍ਹਾ ਕਰਨ ਦਾ ਕੰਮ ਅਸਲ ਵਿਚ ਰੂਹ ਨੂੰ ਕੋਹਣ ਵਾਲੀ ਗੱਲ ਹੈ।" [ਪਿਤਰਸ, ੨:੧੧

**ਕੁਝ ਹੋਰ ਮਹਾਂ ਪੁਰਸ਼ਾਂ ਦੇ ਵਿਚਾਰ—**

"ਕਿਸੇ ਉਤੇ ਜ਼ੁਲਮ ਕਰਨ ਨਾਲੋਂ ਜ਼ੁਲਮ ਸਹਾਰ ਲੈਣਾ ਬਿਹਤਰ ਹੈ। ਕੋਹੇ ਜਾ ਰਹੇ ਜਾਨਵਰ ਨਾਲੋਂ ਜ਼ਾਲਮ ਦੀ ਆਪਣੀ ਹਾਲਤ ਵਧੇਰੇ ਤਰਸ-ਯੋਗ ਹੁੰਦੀ ਹੈ, ਪਰ ਜ਼ਾਲਮ ਦਾ ਗੁੱਸਾ ਉਸ ਨੂੰ ਇਹ ਗੱਲ ਚੇਤੇ ਹੀ ਨਹੀਂ ਰਹਿਣ ਦਿੰਦਾ।" [ਡਾ: ਐਨੀ ਬੇਸੈਂਟ

"**ਬੇਜ਼ਬਾਨਾਂ ਨਮਿਤ** : ਉਨ੍ਹਾਂ ਉਤੇ ਤਰਸ ਕੀਤਾ ਜਾਵੇ, ਉਹ ਗੁੰਗੇ ਹਨ, ਕਹਿ ਨਹੀਂ ਸਕਦੇ, ਉਹ ਤਾਂ ਲਹੂ ਲੁਹਾਨ ਹੋ ਰਹੇ ਹਨ।" [ਐਡਗਰ ਏ. ਗੈਸਟ

"ਅਸੀਂ ਤਾਂ ਹਰ ਜੀਵ ਲਈ ਤੈਥੋਂ ਰਹਿਮਤ ਮੰਗਦੇ ਹਾਂ, ਉਨ੍ਹਾਂ ਮਨੁੱਖਾਂ ਉਤੇ ਵੀ ਰਹਿਮ ਕਰ ਜਿਨ੍ਹਾਂ ਦਾ ਵਾਹ ਜਾਨਵਰਾਂ ਨਾਲ ਪੈਂਦਾ ਹੈ। ਉਨ੍ਹਾਂ ਨੂੰ ਰਹਿਮ-ਭਰਿਆ ਹਿਰਦਾ ਬਖ਼ਸ਼ ਤਾਂ ਜੁ ਉਹ ਜਾਨਵਰਾਂ ਨੂੰ ਆਪਣਾ ਸੱਚਾ ਸਾਥੀ ਸਮਝਣ।" [ਡਾਕਟਰ ਏ. ਸਵਿਜ਼ਰ

ਅਸੀਂ ਕਬਰਾਂ ਹਾਂ ਮੁਰਦਾ ਜਨੌਰਾਂ ਦੀਆਂ,
ਜਿਹੜੇ ਕੋਹੇ ਜਾਂਦੇ ਹਨ ਸਾਡੀ ਭੁਖ ਮਿਟਾਣ ਨੂੰ,
ਦਾਅਵਤਾਂ ਉਤੇ ਕਦੇ ਅਸੀਂ ਸੋਚਦੇ ਹੀ ਨਹੀਂ,
ਕਿ ਮਨੁੱਖ ਵਾਂਗ ਜਾਨਵਰ ਨੂੰ ਵੀ ਕੋਈ ਅਧਿਕਾਰ ਹੈ

... ... ... ...

ਗਿਰਝਾਂ ਵਾਂਗ ਅਸੀਂ ਮੰਗਦੇ ਹਾਂ ਮਾਸ,
ਅਹਿਸਾਸ ਕਰਦੇ ਹੀ ਨਹੀਂ ਦੁਖ ਕਿੰਨਾ ਹੁੰਦੇ ਕਿਸੇ ਨੂੰ,
ਨਿਹੱਥੇ ਜਾਨਵਰਾਂ ਉਤੇ ਕਰਦੇ ਹਾਂ ਵਾਰ,
ਆਸ ਕਿਵੇਂ ਰਖਦੇ ਹਾਂ ਅਮਨ ਦੀ ਸੰਸਾਰ ਵਿਚ,
ਕੋਂਹਦੇ ਹਾਂ ਜਦੋਂ ਬੇਜ਼ਬਾਨਾਂ ਨੂੰ,
ਅਸੀਂ ਰਖਦੇ ਹਾਂ ਕਿਵੇਂ ਆਸ,
ਬੇਰਹਿਮੀ ਦਾ ਇਕ ਹੋਰ ਰੂਪ ਹੈ ਜੰਗ।

[ਜਾਰਜ ਬਰਨਾਰਡ ਸ਼ਾਅ

"ਮਾਂ! ਮੈਂ ਤੁਹਾਨੂੰ ਦਸਣਾ ਚਾਹੁੰਦਾ ਹੈ ਕਿ ਮੈਂ ਸ਼ਾਕਾਹਾਰੀ ਬਣਨ ਦਾ ਬਹੁਤ ਖ਼ਾਹਸ਼ਮੰਦ ਹਾਂ !.... ਮੈਂ ਇਸ ਲਈ ਮਾਸ ਨਹੀਂ ਖਾਣਾ ਚਾਹੁੰਦਾ ਕਿਉਂਕਿ ਸਾਡੇ ਰਿਸ਼ੀ ਮੁਨੀ ਕਹਿੰਦੇ ਆਏ ਹਨ ਕਿ ਅਹਿੰਸਾ ਲਈ ਇਹ ਇਕ ਜ਼ਰੂਰੀ ਚੀਜ਼ ਹੈ। ਸਿਰਫ ਰਿਸ਼ੀ ਮੁਨੀ ਹੀ ਕਿਉਂ, ਰਬ ਨੇ ਆਪ ਕਿਹਾ ਹੈ, ਕਿਸੇ ਨੂੰ ਰੱਬ ਦੀ ਮਖ਼ਲੂਕ ਨੂੰ ਖ਼ਤਮ ਕਰਨ ਦਾ ਕੀ ਅਖ਼ਤਿਆਰ ਹੈ। ਕੀ ਇਹ ਵੱਡਾ ਗੁਨਾਹ ਨਹੀਂ ? ਮੈਂ ਉਨ੍ਹਾਂ ਨਾਲ ਮੁਤਫ਼ਿਕ ਨਹੀਂ ਕਿ ਮਾਸ ਨਾ ਖਾਣ ਨਾਲ ਸਰੀਰਕ ਸ਼ਕਤੀ ਘਟਦੀ ਹੈ।"

[ਸੁਭਾਸ਼ ਚੰਦਰ ਬੋਸ ਦੀ ਆਪਣੀ ਮਾਂ ਨੂੰ ਲਿਖੀ ਚਿਠੀ



www.AKJ.Org

"ਆਪਣੇ ਸਰੀਰ ਨੂੰ ਪਾਪ ਭਰੀ ਖ਼ੁਰਾਕ ਨਾਲ ਭਰਨ ਤੋਂ ਗੁਰੇਜ਼ ਕਰੋ । ਵੇਖੋ, ਦੁਨੀਆ ਵਿਚ ਕਿੰਨਾ ਵਧੀਆ ਅਨਾਜ ਤੇ ਫਲ ਅੰਗੂਰ ਆਦਿ ਮਿਲਦੇ ਹਨ । ਸਬਜ਼ੀਆਂ ਦੀ ਭਰਮਾਰ ਹੈ। ਅੱਗ ਉਤੇ ਪਕਾ ਕੇ ਕਿੰਨੇ ਵਧੀਆ ਖਾਣੇ ਬਣ ਜਾਂਦੇ ਹਨ । ਸਾਨੂੰ ਦੁੱਧ ਤੇ ਸ਼ਹਿਦ ਖਾਣ ਲਈ ਮਿਲ ਸਕਦਾ ਹੈ । ਇਸ ਸੁਹਾਵਣੀ ਧਰਤੀ ਨੇ ਸਾਨੂੰ ਕਿੰਨਾ ਸਾਫ਼-ਸੁਥਰਾ ਭੋਜਨ ਬਖ਼ਸ਼ਿਆ ਹੈ। ਇਹ ਸਾਰਾ ਕੁਝ ਸਾਨੂੰ ਜਾਨਵਰਾਂ ਦਾ ਖ਼ੂਨ ਬਹਾਏ ਬਿਨਾਂ ਹੀ ਪ੍ਰਾਪਤ ਹੋ ਸਕਦਾ ਹੈ ।" [ਜਾਰਜ ਬਰਨਾਰਡ ਸ਼ਾਅ

"ਮਨੂੰ ਨੇ ਆਪਣੀ ਰਚਨਾ ਮਨੂੰ ਸਿਮ੍ਰਤੀ ਵਿਚ ਜੀਵ-ਹਤਿਆ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਜੀਵ-ਹਤਿਆ ਕਰਨ ਵਾਲਾ, ਜੀਵ-ਹਤਿਆ ਦਾ ਮਸ਼ਵਰਾ ਦੇਣ ਵਾਲਾ, ਜੀਵ ਨੂੰ ਮਾਰ ਕੇ ਭੋਜਨ ਤਿਆਰ ਕਰਨ ਵਾਲਾ, ਮਾਸ ਖ੍ਰੀਦਣ ਵਾਲਾ, ਵੇਚਣ ਵਾਲਾ, ਰਿੰਨ੍ਹਣ ਵਾਲਾ, ਖਾਣ ਵਾਲਾ ਤੇ ਖੁਆਣ ਵਾਲਾ ਅਠੇ ਜੀਵ ਹਤਿਆ ਦੇ ਭਾਗੀ ਹਨ ।

[ਮਨੂੰ ਸਿਮ੍ਰਤੀ ਅਧਿਆਇ ੫, ਸਲੋਕ ੫੧

**ਇਕ ਇਤਿਹਾਸਕ ਹਵਾਲਾ—**

ਪਰਸਿੱਧ ਪ੍ਰਚਾਰਕ ਗਿ: ਭਾਗ ਸਿੰਘ ਜੀ ਅੰਬਾਲਾ ਛਾਉਣੀ ਨੇ ਆਪਣੀ ਰਚਿਤ ਪੁਸਤਕ 'ਕੇਸ ਵਿਸ਼ੇਸ਼ਤਾ' ਦੇ ਸਫ਼ਾ ੨੮-੨੯ ਤੇ ਇਹ ਹਵਾਲਾ ਦਿਤਾ ਹੈ—

"ਇਹ ਦੱਸਣਾ ਵੀ ਜ਼ਰੂਰੀ ਹੈ ਕਿ ਸਿਖ ਮਿਸਲਾਂ ਦੇ ਵਜੂਦ ਵਿਚ ਆਉਣ ਸਮੇਂ ਕੁਝ ਕੁ ਉਦਾਸੀ ਮਹਾਂ ਪੁਰਸ਼ ਨਿਰੋਲ ਗੁਰਮਤ ਪ੍ਰਚਾਰ ਵੀ ਕਰਦੇ ਰਹੇ ਸਨ, ਜਿਵੇਂ ਕਿ—

ਦਾਹੜੀ ਕੇਸ ਵੇਸ ਸਭ ਰਖਤੇ । ਨਿਸਦਿਨ ਨਾਮ ਅੰਮ੍ਰਿਤ ਰਸ ਚੱਖਤੇ । ਚੇਲਾ ਜਿਸ ਕੋ ਜਬੀ ਬਨਾਤੇ। ਜੋਰੂ, ਜਰ, ਧਨ ਤਿਆਗ ਦਿਢਾਤੇ । ਨਾਮ, ਦਾਨ, ਇਸ਼ਨਾਨ ਦਿਢੰਤੇ । ਜਪ, ਤਪ ਮੈ ਲਗ ਸਿੱਧ ਭਵੰਤੇ । ਬਿਨ ਗੁਰ ਹਰਿ ਨਹਿ ਅਉਰੇ ਭਜਤੇ । ਦੇਵੀ ਦੇਵ, ਸਿਲਾ ਨਹਿ ਜਜਤੇ । ਮਾਸ, ਸ਼ਰਾਬ, ਤਮਾਕੂ, ਭੰਗ । ਐਸੀ ਵਸਤ ਨ ਛੋਹਤੇ ਅੰਗ ।

(ਪੰਥ ਪ੍ਰਕਾਸ਼ ਨਿਵਾਸ ੧੧੩

[ਬਾਕੀ ਦੇਖੋ ਸਫ਼ਾ ੪੦ ਦੇ ਹੇਠ]

# ਰਿਸ਼ਤੇ ਨਾਤੇ

**ਫ਼ਾਰਮ ਨੰਬਰ ੧੫**—ਇਕ ਅੰਮ੍ਰਿਤਧਾਰੀ ਬੀਬੀ,ਪੰਜ ਬਾਣੀਆਂ ਦੀ ਨਿਤਨੇਮੀ, ਉਮਰ ੨੩ ਸਾਲ, ਕਦ ੫ ਫੁਟ ੪ ਇੰਚ, ਸਿਹਤ ਚੰਗੀ, ਬੀ. ਏ. (ਆਰਟਸ) ਪਾਸ, ਸਿਲਾਈ ਕਢਾਈ ਤੋਂ ਜਾਣੂ, ਲਈ ਪੜ੍ਹੇ ਲਿਖੇ ਅੰਮ੍ਰਿਤਧਾਰੀ ਗੁਰਸਿਖ ਬੱਚੇ ਦੀ ਲੋੜ ਹੈ, ਜਿਸ ਦਾ ਚੰਗਾ ਕਾਰ ਵਿਹਾਰ ਜਾਂ ਸਰਵਿਸ ਹੋਵੇ ।

**ਫ਼ਾਰਮ ਨੰਬਰ ੧੬**—ਇਕ ਅੰਮ੍ਰਿਤਧਾਰੀ ਪਾਠੀ ਸਿੰਘ, ਨਿਤਨੇਮੀ, ਉਮਰ ੨੮ ਸਾਲ, ਕਦ ੫ ਫੁਟ ੪ ਇੰਚ, ਬੀ. ਏ. (ਤਬਲਾ), ਮਾਸਕ ਆਮਦਨ ੬੦੦/- ਦੇ ਕਰੀਬ ਲਈ,ਸੁੰਦਰ ਸੁਸ਼ੀਲ ਤੇ ਗੁਰਮਤਿ ਜੀਵਨ ਵਾਲੀ ਬੀਬੀ ਦੀ ਲੋੜ ਹੈ ।

**ਫ਼ਾਰਮ ਨੰਬਰ ੧੭**—ਇਕ ਅੰਮ੍ਰਿਤਧਾਰੀ ਬੀਬੀ, ਉਮਰ ੨੭ ਸਾਲ, ਕਦ ੫ ਫੁਟ ੪ ਇੰਚ, ਮੈਟਰਿਕ ਗਿਆਨੀ ਓ. ਟੀ., ਤਨਖ਼ਾਹ ੩੭੫/- ਲਈ ਨਿਤਨੇਮੀ, ਬਰਸਰੇ ਰੋਜ਼ਗਾਰ ਪੂਰਨ ਗੁਰਸਿਖ (ਖਤਰੀ) ਨੌਜਵਾਨ ਦੀ ਲੋੜ ਹੈ ।

**ਫ਼ਾਰਮ ਨੰਬਰ ੧੮**—ਇਕ ਅੰਮ੍ਰਿਤਧਾਰੀ ਸਿੰਘ, ਨਿਤਨੇਮੀ, ਉਮਰ ੨੪ ਸਾਲ, ਕਦ ਸਾਢੇ ਪੰਜ ਫੁਟ, ਬੀ. ਏ., ਮੁਲਾਜ਼ਮਤ ਏਅਰ ਫ਼ੋਰਸ, ਆਮਦਨ ੪੫੦/- ਮਾਹਵਾਰ ਲਈ, ਸੁਸ਼ੀਲ ਕੇਸਕੀ ਸੰਯੁਕਤ ਗੁਰਸਿਖ ਬੀਬੀ ਦੀ ਲੋੜ ਹੈ।

**ਫ਼ਾਰਮ ਨੰਬਰ ੧੯**—ਇਕ ਅੰਮ੍ਰਿਤਧਾਰੀ ਬੀਬੀ, ਪੰਜ ਬਾਣੀਆਂ ਤੇ ਸੁਖਮਨੀ ਸਾਹਿਬ ਕੰਠ, ਉਮਰ ੨੫ ਸਾਲ, ਕਦ ਦਰਮਿਆਨਾ, ਐਮ. ਏ. ਪੰਜਾਬੀ, ਤਨਖ਼ਾਹ ੪੩੦/-(ਰਾਜਪੂਤ ਸੁਨਿਆਰੇ)ਲਈ ਚੰਗੇ ਗੁਰਸਿਖ ਨੌਜਵਾਨ ਦੀ ਲੋੜ ਹੈ ।

**ਫ਼ਾਰਮ ਨੰਬਰ ੨੦**—ਇਕ ਅੰਮ੍ਰਿਤਧਾਰੀ ਬੀਬੀ, ਪੰਜ ਬਾਣੀਆਂ ਤੇ ਸੁਖਮਨੀ ਸਾਹਿਬ ਕੰਠ, ਉਮਰ ੨੩ ਸਾਲ, ਕਦ ਦਰਮਿਆਨਾ, ਮੈਟਰਿਕ ਗਿਆਨੀ (ਰਾਜਪੂਤ ਸੁਨਿਆਰੇ) ਲਈ ਚੰਗੇ ਗੁਰਸਿਖ ਨੌਜਵਾਨ ਦੀ ਲੋੜ ਹੈ ।

**ਫ਼ਾਰਮ ਨੰਬਰ ੧**—ਇਕ ਅੰਮ੍ਰਿਤਧਾਰੀ ਸਿੰਘ, ਉਮਰ ੪੨ ਸਾਲ, ਕਦ ੫ ਫੁਟ ੪ ਇੰਚ, ਬੀ. ਐਸ. ਸੀ., ਮਾਸਕ ਆਮਦਨ ਸਾਢੇ ਚਾਰ ਸੌ ਰੁਪਏ, ਜਾਇਦਾਦ ੨੦ ਕਿਲੇ ਜ਼ਮੀਨ, ਜ਼ਾਤ ਪਾਤ ਤੇ ਲੈਣ ਦੇਣ ਦਾ ਕੋਈ ਵਿਚਾਰ ਨਹੀਂ, ਲਈ ਕੁਝ ਪੜ੍ਹੀ ਲਿਖੀ ਗੁਰਸਿਖ ਬੀਬੀ ਦੀ ਲੋੜ ਹੈ, ਚਾਹੇ ਵਿਧਵਾ ਹੋਵੇ ।


www.AKJ.Org

# ਤਮਾਕੂ ਸੱਪ ਤੋਂ ਵੀ ਜ਼ਹਿਰੀਲਾ ਹੈ

ਪਾਕਿਸਤਾਨ ਦੇ ਜ਼ਿਲਾ ਗੁਜਰਾਤ ਵਿਚ ਇਕ ਪਿੰਡ ਭਿਖੀ ਦੇ ਬਾਹਰਵਾਰ ਇਕ ਸਮਾਧ ਬਣੀ ਹੋਈ ਸੀ। ਉਸ ਤੋਂ ਕੁਝ ਫ਼ਾਸਲੇ ਤੇ ਇਕ ਕਾਲਾ ਨਾਗ ਰੁੱਡ ਵਿਚ ਰਹਿੰਦਾ ਸੀ। ਆਉਂਦੇ ਜਾਂਦੇ ਅਨੇਕਾਂ ਰਾਹ-ਲੰਘਦਿਆਂ ਨੂੰ ਇਹ ਡੱਸ ਲੈਂਦਾ ਸੀ, ਤੇ ਉਹ ਵਿਚਾਰੇ ਸਦਾ ਦੀ ਨੀਂਦ ਸੌਂ ਜਾਂਦੇ ਸਨ। ਅੰਗਰੇਜ਼ੀ ਸਰਕਾਰ ਨੇ ਇਸ ਨਾਗ ਨੂੰ ਮਾਰਨ ਵਾਲੇ ਲਈ ਪੰਜ ਸੌ ਰੁਪਏ ਦਾ ਇਨਾਮ ਰਖਿਆ। ਇਕ ਬੁੱਢੀ ਨੇ ਇਸ ਕਾਲੇ ਨਾਗ ਨੂੰ ਮਾਰਨ ਲਈ ਦਰਖ਼ਾਸਤ ਦਿਤੀ। ਉਸ ਬੁੱਢੀ ਨੇ ਪਿੰਡ ਵਿਚੋਂ ਦਸ ਬਾਰ੍ਹਾਂ ਹੁੱਕੇ ਇਕੱਠੇ ਕਰਕੇ, ਇਕ ਲੋਹੇ ਦੀ ਸੀਖ ਨਾਲ ਹੁਕਿਆਂ ਦੀਆਂ ਨੜੀਆਂ ਵਿਚੋਂ ਤੰਬਾਕੂ ਦੇ ਧੂੰਏ ਦੀ ਸੜੀ ਹੋਈ ਮੈਲ ਕੱਢੀ। ਲੋਕਾਂ ਦੇ ਪੁੱਛਣ ਤੇ ਉਸ ਨੇ ਦਸਿਆ ਕਿ ਤੰਬਾਕੂ ਦੀ ਇਹ ਵਿਸ ਵੱਡੇ ਤੋਂ ਵੱਡੇ ਜ਼ਹਿਰੀਲੇ ਸੱਪ ਦੀ ਵਿਸ ਨਾਲੋਂ ਵੱਧ ਖ਼ਤਰਨਾਕ ਹੈ। ਇਹ ਵਿਹੁ ਭਰੀ ਮੈਲ ਉਸ ਨੇ ਪਾਣੀ ਵਿਚ ਘੋਲ ਲਈ। ਇਸ ਪਾਣੀ ਨਾਲ ਕੁਝ ਮਿੱਟੀ ਗੋਅ ਲਈ ਅਤੇ ਉਸ ਦੀਆਂ ਕੁਝ ਪਲੇਟਾਂ ਥਪ ਲਈਆਂ। ਆਪਣੇ ਸੱਜੇ ਹੱਥ ਤੇ ਮਲਮਲ ਦਾ ਕਾਫ਼ੀ ਵੱਡਾ ਕਪੜਾ ਵਲ੍ਹੇਟ ਕੇ, ਪਲੇਟ ਫੜ ਕੇ ਰੁੱਡ ਤੇ ਪੁੱਜੀ। ਕਾਫ਼ੀ ਦੂਰ ਬਹੁਤ ਸਾਰੇ ਲੋਕ ਇਹ ਸਭ ਕੁਝ ਆਪਣੀਆਂ ਅੱਖਾਂ ਨਾਲ ਵੇਖ ਰਹੇ ਸਨ। ਸੱਪ ਨਿਕਲਿਆ, ਤੇ ਬੁੱਢੀ ਦੀ ਹੱਥ ਵਾਲੀ ਪਲੇਟ ਨੂੰ ਡੰਗ ਮਾਰਿਆ। ਪਲੇਟ ਇਕ-ਦਮ ਲਾਲ ਹੋ ਗਈ, ਜਿਵੇਂ ਬਲਦੇ ਭੱਠੇ ਵਿਚ ਪਕਾਈ ਗਈ ਹੋਵੇ। ਇਕ ਇਕ ਕਰ ਕੇ ਬੁੱਢੀ ਨੇ ਪੰਜ ਪਲੇਟਾਂ ਨੂੰ ਉਸ ਰੁੱਡ ਵਲ ਕੀਤਾ। ਪੰਜੇ ਹੀ ਪਲੇਟਾਂ ਪੱਕ ਕੇ ਲਾਲ ਸੁਰਖ਼ ਹੋ ਗਈਆਂ। ਜਦ ਛੇਵੀਂ ਪਲੇਟ ਅੱਗੇ ਕੀਤੀ, ਉਸ ਨੂੰ ਭੀ ਨਾਗ ਨੇ ਡੰਗਿਆ, ਪਰ ਪਲੇਟ ਕਚੀ ਪਿਲੀ ਹੀ ਰਹੀ, ਰੰਗ ਨਾ ਬਦਲਿਆ। ਝਟ ਦੇ ਕੇ ਬੁੱਢੀ ਨੇ ਦੂਜੇ ਹੱਥ ਨਾਲ ਸੱਪ ਨੂੰ ਪਕੜ ਲਿਆ। ਅਨੇਕਾਂ ਦਰਸ਼ਕ ਹੈਰਾਨ ਰਹਿ ਗਏ। ਬੁੱਢੀ ਨੇ ਦਸਿਆ ਕਿ ਤੰਬਾਕੂ ਸੱਪ ਤੋਂ ਜ਼ਿਆਦਾ ਜ਼ਹਿਰੀਲਾ ਹੈ।

ਪਹਿਲੇ ਸਮਿਆਂ ਵਿਚ ਸਿਗਰਟ ਪੀਣ ਵਾਲੇ, ਆਪਣੇ ਹਥਾਂ ਨੂੰ ਸਾਬਣ ਨਾਲ ਧੋ ਕੇ ਖਾਣਾ ਖਾਂਦੇ ਵੇਖੇ ਜਾਂਦੇ ਸਨ। ਖਾਣ ਪੀਣ ਵਾਲੀਆਂ ਵਸਤੂਆਂ ਵੇਚਣ ਵਾਲਾ, ਜੇ ਦੁਕਾਨਦਾਰੀ ਵੇਲੇ ਸਿਗਰਟ ਪੀਂਦਾ ਸੀ ਤਾਂ ਉਸ ਤੇ ਇਤਰਾਜ਼ ਕੀਤਾ ਜਾਂਦਾ ਸੀ। ਉਸ ਦੀ ਐਸੀ ਹਰਕਤ ਨੂੰ ਬਹੁਤ ਨਫ਼ਰਤ ਨਾਲ ਦੇਖਿਆ ਜਾਂਦਾ ਸੀ। ਸਿਗਰਟ ਪੀਣ ਵਾਲੇ ਦੇ ਹੱਥਾਂ ਤੇ ਉਂਗਲਾਂ ਵਿਚ ਵੀ ਜ਼ਹਿਰੀਲਾ ਅਸਰ ਚਲਾ ਜਾਂਦਾ ਹੈ। ਜੇ ਉਸ ਦੀ ਉਂਗਲੀ ਬੱਚੇ ਦੇ ਮੂੰਹ ਵਿਚ ਚੁੰਘਾਈ ਜਾਏ, ਤਾਂ ਬੱਚਾ ਬੇਹੋਸ਼ ਹੋ ਸਕਦਾ ਹੈ। ਇਸ ਜ਼ਹਿਰੀਲੇ ਅਸਰ ਦੇ ਕਾਰਨ ਸਿਗਰਟ ਪੀਣ ਵਾਲਿਆਂ ਨੂੰ ਕੈਂਸਰ ਤੇ ਹੋਰ ਅਨੇਕਾਂ ਤਰ੍ਹਾਂ ਦੀਆਂ ਬੀਮਾਰੀਆਂ ਲੱਗ ਜਾਂਦੀਆਂ ਹਨ।

ਅਫ਼ਸੋਸ ਹੈ, ਅੱਜ ਕੱਲ੍ਹ ਸਿਗਰਟ ਵਾਲੇ ਹਥਾਂ ਨਾਲ ਖਾਣ ਪੀਣ ਵਾਲੀਆਂ ਤੇ ਹੋਰ ਵਸਤੂਆਂ ਵੇਚਣ ਵਾਲਿਆਂ ਉਤੇ ਕੋਈ ਪਾਬੰਦੀ ਨਹੀਂ। ਉਨ੍ਹਾਂ ਦੀ ਕੋਈ ਪੁੱਛ ਪੜਤਾਲ ਨਹੀਂ ਹੁੰਦੀ। ਉਨ੍ਹਾਂ ਨੂੰ ਗਾਹਕਾਂ ਦੀ ਸਿਹਤ ਖ਼ਰਾਬ ਕਰਨ ਦਾ ਕੋਈ ਹੱਕ ਨਹੀਂ। ਉਨ੍ਹਾਂ ਤੇ ਪਾਬੰਦੀ ਲੱਗਣੀ ਚਾਹੀਦੀ ਹੈ।

[ਚਮਨ ਲਾਲ, ੯੪ ਸ਼ੰਕਰ ਮਾਰਕੀਟ, ਨਵੀਂ ਦਿਲੀ,
—ਮਿਲਾਪ ੩-੧੧-੭੪

---

[ਸਫ਼ਾ ੩੯ ਦੀ ਬਾਕੀ]

ਉਪ੍ਰੋਕਤ ਗੁਰਮਤਿ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਸਿਖ ਸਰਦਾਰਾਂ ਅਤੇ ਰਾਜੇ ਮਹਾਰਾਜਿਆਂ ਵਲੋਂ ਗੁਰ-ਦਵਾਰਿਆਂ ਅਤੇ ਲੰਗਰਾਂ ਹਿਤ ਖੁਲ੍ਹੀਆਂ ਜਗੀਰਾਂ ਤਥਾ ਮਾਇਆ ਆਦਿਕ ਅਰਪਨ ਕਰ ਕੇ ਇਸ ਸੰਪ੍ਰਦਾ ਦਾ ਵਿਤੋਂ ਵਧ ਸਤਿਕਾਰ ਕੀਤਾ ਜਾਂਦਾ ਸੀ।"

ਭੋਜਨ ਦਾ ਬ੍ਰਿਤੀ ਨਾਲ ਡੂੰਘਾ ਸੰਬੰਧ ਹੈ। ਇਸੇ ਕਰਕੇ ਪੰਜਾਬੀ ਦਾ ਅਖਾਣ ਹੈ—'ਜਿਹਾ ਖਾਈਏ ਅੰਨ, ਤਿਹਾ ਹੋਵੇ ਮਨ' ਇਸ ਕਰਕੇ ਸਤੋਗੁਣੀ ਅਹਾਰ ਕਰਨਾ ਹੀ ਮਨੁੱਖ ਨੂੰ ਯੋਗ ਹੈ। ਅਹਾਰ, ਵੀਚਾਰ ਤੇ ਵਿਹਾਰ ਸ਼ੁਧ ਸਤੋਗੁਣੀ ਹੋਣ ਤਾਂ ਹੀ ਧਰਮ, ਦਇਆ, ਸੰਤੋਖ, ਗਿਆਨ ਤੇ ਵੈਰਾਗ ਵਾਲੀ ਬ੍ਰਿਤੀ ਬਣ ਆਵੇਗੀ।

[ਪੁਸਤਕ 'ਹੰਸਾਂ ਹੀਰਾ ਮੋਤੀ ਚੁਗਣਾ' ਤੋਂ ਅਧਾਰਿਤ



www.AKJ.Org

# ਅਸਲ ਫ਼ਾਇਦਾ

[ਵਲੋਂ—ਸ: ਦੀਦਾਰ ਸਿੰਘ ਜੀ, ਰੋਪੜ]

ਅਸਲ ਫ਼ਾਇਦਾ ਜਾਂ ਲਾਭ ਉਹ ਹੈ ਜੋ ਸਰੀਰ ਦੇ ਨਾਸ ਹੋਣ ਤੇ ਵੀ ਨਾਸ ਨਾ ਹੋਵੇ। ਸਰੀਰ ਦੇ ਖ਼ਤਮ ਹੋਣ ਮਗਰੋਂ ਵੀ ਉਹ ਫ਼ਾਇਦਾ ਕਾਇਮ ਰਹੇ। ਸੋ ਅਸਲ ਲਾਭ ਉਹ ਹੈ ਜਿਸ ਨਾਲ ਸਾਡੀ ਆਤਮਾ ਉਚੀ ਤੇ ਪਵਿਤਰ ਹੋਵੇ। ਕਿਉਂਕਿ ਆਤਮਾ ਅਮਰ ਹੈ। ਇਹ ਸਰੀਰ ਦੇ ਖਤਮ ਹੋਣ ਨਾਲ ਖ਼ਤਮ ਨਹੀਂ ਹੁੰਦੀ, ਸਗੋਂ ਇਹ ਹਮੇਸ਼ਾ ਕਾਇਮ ਰਹਿੰਦੀ ਹੈ। ਇਹ ਆਤਮਾ, ਪਰਮ-ਆਤਮਾ (ਪਰਮਾਤਮਾ) ਦੀ ਅੰਸ਼ ਹੈ। ਉਸ ਨਾਲੋਂ ਵਿਛੜੀ ਹੋਈ ਹੈ। ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਉਹ ਲਾਭ ਇਕੱਠਾ ਕਰੀਏ ਜਿਸ ਨਾਲ ਸਾਡੀ ਇਹ ਆਤਮਾ ਪਵਿਤਰ ਹੋਵੇ ਤੇ ਉਚੀ ਉਠ ਕੇ ਪ੍ਰਮਾਤਮਾ ਦੇ ਨੇੜੇ ਹੋਵੇ।

ਜਦ ਅਸੀਂ ਕੋਈ ਨੇਕੀ ਜਾਂ ਉਪਕਾਰ ਕਰਦੇ ਹਾਂ, ਪੁੰਨ ਦਾਨ ਕਰਦੇ ਹਾਂ ਜਾਂ ਗੁਰਬਾਣੀ ਪੜ੍ਹਦੇ ਸੁਣਦੇ ਹਾਂ ਤਾਂ ਇਸ ਲਈ ਕਰਦੇ ਹਾਂ ਕਿ ਇਨ੍ਹਾਂ ਦੇ ਕਰਨ ਨਾਲ ਸਾਡੇ ਅੰਦਰ ਨੇਕ ਖ਼ਿਆਲ ਪੈਦਾ ਹੋਣ ਨੇਕ ਵਲਵਲੇ ਪੈਦਾ ਹੋਣ, ਕਿਉਂਕਿ ਨੇਕ ਖ਼ਿਆਲਾਂ, ਨੇਕ ਕੰਮਾਂ ਤੇ ਨੇਕ ਭਾਵਨਾਵਾਂ ਨਾਲ ਹੀ ਆਤਮਾ ਪਵਿਤਰ ਹੁੰਦੀ ਹੈ।

ਜਿਨ੍ਹਾਂ ਵਸਤਾਂ ਨੂੰ ਅਸੀਂ ਲਾਭਦਾਇਕ ਜਾਂ ਫ਼ਾਇਦੇਮੰਦ ਸਮਝਦੇ ਹਾਂ ਉਹ ਸਭ ਚੀਜ਼ਾਂ ਸਰੀਰ ਦੇ ਖ਼ਤਮ ਹੋਣ ਨਾਲ ਖ਼ਤਮ ਹੋ ਜਾਂਦੀਆਂ ਹਨ। ਪਰ ਫਿਰ ਵੀ ਅਸੀਂ ਇਨ੍ਹਾਂ ਝੂਠੀਆਂ ਚੀਜ਼ਾ ਲਈ ਰਾਤ ਦਿਨ ਝੂਠ ਬੋਲਦੇ, ਚਲਾਕੀਆਂ ਤੇ ਹੇਰਾ-ਫੇਰੀਆਂ ਕਰ ਕਰ ਕੇ ਆਪਣੀ ਆਤਮਾ ਨੂੰ ਹੋਰ ਮੈਲਾ, ਹੋਰ ਅਪਵਿਤਰ ਤੇ ਪਾਪੀ ਬਣਾ ਕੇ ਪ੍ਰਭੂ ਤੋਂ ਦੂਰ, ਹੋਰ ਦੂਰ ਹੁੰਦੇ ਜਾ ਰਹੇ ਹਾਂ।

ਇਸ ਦੇ ਉਲਟ ਸਿਆਣੇ ਬੰਦੇ ਇਸ ਖ਼ਤਮ ਹੋ ਜਾਣ ਵਾਲੇ ਸਰੀਰ ਦੇ ਰਾਹੀਂ ਨੇਕੀ, ਉਪਕਾਰ, ਸੇਵਾ ਤੇ ਭਜਨ ਪਾਠ ਦੁਆਰਾ ਆਪਣੀ ਆਤਮਾ ਨੂੰ ਹੋਰ ਉਚਾ, ਹੋਰ ਪਵਿਤਰ ਤੇ ਨਿਰਮਲ ਕਰ ਕਰ ਕੇ ਪਰਮ ਆਤਮਾ ਦੇ ਨੇੜੇ ਪੁਜ ਰਹੇ ਹਨ।

ਨੌਕਰ ਵੀ ਸੇਵਾ ਕਰਦਾ ਹੈ ਤੇ ਸ਼ਰਧਾਲੂ ਵੀ। ਕੰਮ ਦੋਹਾਂ ਦਾ ਇਕੋ ਜਿਹਾ ਹੈ, ਪਰ ਦੋਹਾਂ ਵਿਚ ਫ਼ਰਕ ਬੜਾ ਹੈ। ਨੌਕਰ ਦੀ ਨੀਅਤ ਹੈ ਪੈਸਾ ਪਰਾਪਤ ਕਰਨਾ ਜਾਂ ਕੋਈ ਹੋਰ ਖ਼ੁਦਗਰਜ਼ੀ (ਸੁਆਰਥ)। ਇਸ ਲਈ ਉਸ ਦਾ ਕੀਤਾ ਕੰਮ ਉਸ ਦੀ ਆਤਮਾ ਨੂੰ ਉਚਾ ਜਾਂ ਪਵਿਤਰ ਨਹੀਂ ਕਰਦਾ (ਸਗੋਂ ਕਈ ਵਾਰੀ ਨੀਵਾਂ ਕਰਦਾ ਹੈ), ਪਰ ਸ਼ਰਧਾਲੂ ਦੀ ਸੇਵਾ ਸ਼ਰਧਾ ਤੇ ਪਿਆਰ ਕਾਰਨ ਹੁੰਦੀ ਹੈ ਅਤੇ ਉਸ ਦੀ ਆਤਮਾ ਨੂੰ ਉਚਾ ਕਰਦੀ ਹੈ।

*ਸਿੱਟਾ—*

੧. ਜਿਸ ਤਰ੍ਹਾਂ ਲਾਲਚ ਵਾਲੇ ਕੀਤੇ ਕੰਮ ਲਾਲਚ ਨੂੰ ਹੋਰ ਵਧਾਉਂਦੇ ਹਨ, ਉਸ ਤਰ੍ਹਾਂ ਸ਼ਰਧਾ ਵਿਚ ਕੀਤੇ ਕੰਮ ਸ਼ਰਧਾ ਨੂੰ ਹੋਰ ਵਧਾਉਂਦੇ ਹਨ ਤੇ ਆਤਮਾ ਨੂੰ ਉਚਾ ਉਠਣ ਵਿਚ ਸਹਾਇਕ (ਮਦਦਗਾਰ) ਹੁੰਦੇ ਹਨ।

੨. ਦੁਨਿਆਵੀ ਲਾਲਚ ਹੀ ਸਾਥੋਂ ਪਾਪ ਅਤੇ ਹੋਰ ਮਾੜੇ (ਬੁਰੇ) ਕੰਮ ਕਰਾਉਂਦੇ ਹਨ। ਪਰ ਇਹ ਸਰੀਰ ਨਾਲ ਸੰਬੰਧ ਰਖਣ ਕਾਰਨ ਸਰੀਰ ਦੇ ਨਾਲ ਹੀ ਖ਼ਤਮ ਹੋ ਜਾਂਦੇ ਹਨ।

੩. ਆਤਮਾ ਅਮਰ ਹੈ। ਇਹ ਕਦੀ ਨਹੀਂ ਮਰਦੀ। ਇਸ ਨੂੰ ਉਚਾ ਚੁਕਣ, ਨੇਕ ਅਤੇ ਪਵਿਤਰ ਬਣਾ ਕੇ ਪ੍ਰਮਾਤਮਾਂ ਦੇ ਨੇੜੇ ਲਿਜਾਣਾ ਸਾਡਾ ਸਭ ਦਾ ਫ਼ਰਜ਼ ਹੈ।

www.AKJ.Org

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

ਆਤਮ-ਰੰਗਾਂ ਅਤੇ ਨੂਰਾਨੀ ਚਮਤਕਾਰਾਂ ਵਾਲੀ ਦੁਨੀਆ ਦੇ ਦਰਸ਼ਨ ਕਰਨ ਲਈ ਅਤੇ ਨਾਮ ਬਾਣੀ ਦੇ ਪਰਤੱਖ ਕ੍ਰਿਸ਼ਮਿਆਂ ਵਾਲੇ ਤਜਰਬੇ ਜਾਨਣ ਲਈ ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਹੇਠ ਲਿਖੀਆਂ ਪੁਸਤਕਾਂ ਪੜ੍ਹੋ :—

Autobiography of Bhai Sahib Randhir Singh ji Translated by Dr. Trilochan Singh 20-00

| | | | |
|---|---|---|---|
| ਜੇਲ੍ਹ ਚਿਠੀਆਂ | 7-00 | ਗੁਰਮਤਿ ਸਚ ਨਿਰਣੇ | 6-00 |
| ਰੰਗਲੇ ਸਜਣ | 3 50 | ਸੰਤ ਪਦ ਨਿਰਣੇ | 3-00 |
| ਗੁਰਮਤਿ ਗੌਰਵਤਾ | 7-00 | ਅਨਹਦ ਸ਼ਬਦ ਦਸਮ ਦੁਆਰ | 3-50 |
| ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੇ | 3-00 | ਗੁਰਮਤਿ ਨਾਮ ਅਭਿਆਸ ਕਮਾਈ | 4-00 |
| ਚਰਨ ਕਮਲ ਕੀ ਮਉਜ | 0-90 | ਦਰਸ਼ਨ ਝਲਕਾਂ | 2-50 |
| ਬਾਬਾ ਵੈਦ ਰੋਗੀਆਂ ਦਾ | 0-20 | ਸ਼ੰਕਿਆਂ ਦੇ ਉਤਰ | 0-50 |
| ਆਸਤਕ ਨਾਸਤਕ | 0-25 | ਸਚੀਆਂ ਦਾੜ੍ਹੀਆਂ | 0-20 |
| ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | 0-10 | ਅਕਾਲ ਪੁਰਖ ਦੇ ਪਰਤਖ ਦਰਸ਼ਨ | 0-20 |
| ਕੀਰਤਨੀ ਜੱਥੇ ਦੀ ਦਾਸਤਾਨ | 0-30 | ਸਿਖੀ ਸਿਦਕ | 0-20 |

## ਛਪਣ ਵਾਲੀਆਂ ਪੁਸਤਕਾਂ

| | |
|---|---|
| ਗੁਰਮਤਿ ਬਿਬੇਕ (ਛਪ ਰਹੀ ਹੈ) | ਗੁਰਮਤਿ ਕਰਮ ਫ਼ਿਲਾਸਫ਼ੀ |
| ਕਥਾ ਕੀਰਤਨ | ਗੁਰਬਾਣੀ ਦੀਆਂ ਲਗਾਂ ਮਾਤਰਾਂ ਦੀ ਵਿਲਖਣਤਾ |
| ਗੁਰਮਤਿ ਪ੍ਰਕਾਸ਼ | ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤ-ਪ੍ਰਸਤੀ ਹੈ ? |
| ਜੋਤਿ ਵਿਗਾਸ | ਅਣਡਿਠੀ ਦੁਨੀਆ |
| ਗੁਰਮਤਿ ਲੇਖ | ਨਾਮ ਦਾ ਦਾਤਾ ਸਤਿਗੁਰੂ |
| ਗੁਰਮਤਿ ਵਿਚਾਰ | ਨਾਮ ਸਬੰਧੀ ਵਿਚਾਰ |
| ਅੰਮ੍ਰਿਤ ਕੀ ਹੈ (ਛਪ ਰਹੀ ਹੈ) | ਉਮਰ ਕੈਦੀ ਦਾ ਸੁਪਨਾ |
| ਅੰਮ੍ਰਿਤ ਕਲਾ | ਸਚਖੰਡ ਦਰਸ਼ਨ |
| ਗਿਆਨ ਚਾਨਣਾ | ਹਉਮੈ ਨਾਵੈ ਨਾਲ ਵਿਰੋਧ ਹੈ |
| ਵਾਹਿਗੁਰੂ ਸਿਮਰਨ | ਸਿਖ ਕੌਣ ਹੈ |
| ਗੁਰਮਤਿ ਰਮਜ਼ਾਂ (ਛਪ ਰਹੀ ਹੈ) | ਕੋ ਵਿਰਲਾ ਗੁਰਮਤਿ ਚਲੈ ਜੀਉ |
| ਸਿੰਘਾਂ ਦਾ ਪੰਥ ਨਿਰਾਲਾ | |

ਉਪਰੋਕਤ ਪੁਸਤਕਾਂ ਪੜ੍ਹ ਕੇ ਗੁਰਮਤਿ ਦੀ ਸੋਝੀ ਪੈਂਦੀ ਹੈ, ਗੁਰੂ-ਚਰਨਾਂ ਨਾਲ ਪ੍ਰੀਤ ਉਪਜਦੀ ਹੈ ਅਤੇ ਨਾਮ-ਰੰਗਾਂ ਵਿਚ ਰੰਗੀਜੇ ਜਾਈਦਾ ਹੈ ।

ਪੁਸਤਕਾਂ ਮੰਗਾਣ ਦਾ ਪਤਾ :—

**ਭਾ: ਸਾਹਿਬ ਰਣਧੀਰਸਿੰਘ ਪਬਲਿਸ਼ਿੰਗ ਹਾਊਸ, ੧੨੬-ਮਾਡਲ ਟਾਊਨ, ਲੁਧਿਆਣਾ**

ਜਾਂ

**ਮੈਨੇਜਰ 'ਸੂਰਾ' ਮਾਸਕ ਪੱਤਰ, ਕੂਚਾ ਚਤਰ ਸਿੰਘ, ਮਾਈ ਸੇਵਾਂ, ਅੰਮ੍ਰਿਤਸਰ**

www.AKJ.Org